Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition
Vol : 4 : # ਅੰਕ 137 07/10/2025 www.samajweekly.com samajweekly @samajweekly samajweekly



# ਭਗਵਾਨ ਵਾਲਮੀਕਿ ਜੀ ਦੇ ਪ੍ਰਗਟ ਦਿਵਸ ਦੀ ਸਮੂਹ ਜਗਤ ਨੂੰ ਅਦਾਰਾ ‘ਸਮਾਜ ਵੀਕਲੀ’ ਪਰਿਵਾਰ ਵਲੋਂ ਲੱਖ-ਲੱਖ ਵਧਾਈ

# ਵਕੀਲ ਦੀ ਪੁਸ਼ਾਕ ਪਾਈ ਵਿਅਕਤੀ ਵੱਲੋਂ ਚੀਫ਼ ਜਸਟਿਸ ਗਵਈ ਵੱਲ ਜੁੱਤੀ ਸੁੱਟਣ ਦੀ ਕੋਸ਼ਿਸ਼

**ਨਵੀਂ ਦਿੱਲੀ।** ਸੁਪਰੀਮ ਕੋਰਟ ਵਿਚ ਅੱਜ ਕੇਸ ਦੀ ਸੁਣਵਾਈ ਦੌਰਾਨ ਵਕੀਲ ਦੀ ਪੁਸ਼ਾਕ ਪਾਈ ਇਕ ਵਿਅਕਤੀ ਨੇ ਭਾਰਤ ਦੇ ਚੀਫ਼ ਜਸਟਿਸ (ਸੀਜੇਆਈ) ਬੀਆਰ ਗਵਈ ਵੱਲ ਜੁੱਤੀ ਸੁੱਟਣ ਦੀ ਕੋਸ਼ਿਸ਼ ਕੀਤੀ। ਹਾਲਾਂਕਿ ਕੋਰਟ ਵਿਚ ਮੌਜੂਦ ਅਮਲੇ ਨੇ ਇਸ ਵਿਅਕਤੀ ਨੂੰ ਸਮੇਂ ਰਹਿੰਦਿਆਂ ਕਾਬੂ ਕਰ ਲਿਆ। ਅਦਾਲਤੀ ਕਮਰੇ ਵਿੱਚੋਂ ਬਾਹਰ ਕੱਢੇ ਜਾਣ ਮੌਕੇ ਸਮੇਂ ਇਸ ਵਿਅਕਤੀ ਨੇ 'ਸਨਾਤਨ ਕਾ ਅਪਮਾਨ ਨਹੀਂ ਸਹੇਗਾ ਹਿੰਦੁਸਤਾਨ' ਦਾ ਨਾਅਰਾ ਲਾਇਆ। ਇਹ ਘਟਨਾ ਉਸ ਸਮੇਂ ਵਾਪਰੀ ਜਦੋਂ ਸੀਜੇਆਈ ਦੀ ਅਗਵਾਈ ਵਾਲਾ ਬੈਂਚ ਵਕੀਲਾਂ ਵੱਲੋਂ ਕੇਸਾਂ ਦੇ ਜ਼ਿਕਰ ਦੀ ਸੁਣਵਾਈ ਕਰ ਰਿਹਾ ਸੀ। ਇਸ





ਘਟਨਾ ਕਰਕੇ ਕੋਰਟ ਦੀ ਕਾਰਵਾਈ ਵਿਚ ਪਈ ਰੁਕਾਵਟ ਦੇ ਬਾਵਜੂਦ, ਸੀਜੇਆਈ ਗਵਈ ਸ਼ਾਂਤ ਰਹੇ। ਉਨ੍ਹ ਅਦਾਲਤੀ ਕਾਰਵਾਈ ਬਿਨਾਂ ਕਿਸੇ ਰੁਕਾਵਟ ਦੇ ਜਾਰੀ ਰੱਖਣ ਦਾ ਨਿਰਦੇਸ਼ ਦਿੱਤਾ। ਚੀਫ ਜਸਟਿਸ ਗਵਈ ਨੇ ਇਸ ਘਟਨਾ ਦੇ ਪ੍ਰਤੀਕਰਮ ਵਿਚ ਕਿਹਾ ਕਿ ਉਨ੍ਹਾਂ ਨੂੰ ਅਜਿਹੀਆਂ ਚੀਜ਼ਾਂ ਨਾਲ ਬਹੁਤਾ ਫ਼ਰਕ ਨਹੀਂ ਪੈਂਦਾ। ਉਨ੍ਹਾਂ ਵਕੀਲਾਂ ਨੂੰ ਆਪਣੀਆਂ ਦਲੀਲਾਂ ਜਾਰੀ ਰੱਖਣ ਦੀ ਹਦਾਇਤ ਕਰਦੇ ਹੋਏ ਕਿਹਾ, ''ਇਸ ਸਭ ਤੋਂ ਧਿਆਨ ਨਾ ਭਟਕਾਓ। ਅਜਿਹੀਆਂ ਚੀਜ਼ਾਂ ਮੈਨੂੰ ਪ੍ਰਭਾਵਿਤ ਨਹੀਂ ਕਰਦੀਆਂ।'' ਸੁਪਰੀਮ ਕੋਰਟ ਦੀ ਸੁਰੱਖਿਆ ਇਕਾਈ ਨੇ ਘਟਨਾ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਹੋਰ ਵੇਰਵਿਆਂ ਦੀ ਉਡੀਕ ਹੈ।

# ਬਿਹਾਰ ਵਿਧਾਨ ਸਭਾ ਚੋਣਾਂ 2025 ਦਾ ਐਲਾਨ, 6 ਅਤੇ 11 ਨਵੰਬਰ ਨੂੰ ਹੋਵੇਗੀ ਵੋਟਿੰਗ

**ਨਵੀਂ ਦਿਲੀ।** ਚੋਣ ਕਮਿਸ਼ਨ ਨੇ 2025 ਦੀਆਂ ਬਿਹਾਰ ਵਿਧਾਨ ਸਭਾ ਚੋਣਾਂ ਦੀਆਂ ਤਰੀਕਾਂ ਦਾ ਐਲਾਨ ਕਰ ਦਿੱਤਾ ਹੈ। ਮੁੱਖ ਚੋਣ ਕਮਿਸ਼ਨਰ (ਸੀਈਸੀ) ਗਿਆਨੇਸ਼ ਕੁਮਾਰ ਨੇ ਸੋਮਵਾਰ ਨੂੰ ਤਰੀਕਾਂ ਦਾ ਐਲਾਨ ਕੀਤਾ।

ਚੋਣ ਨਤੀਜੇ 14 ਨਵੰਬਰ ਨੂੰ ਜਾਰੀ ਕੀਤੇ ਜਾਣਗੇ।

ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਨੇ ਕਿਹਾ ਕਿ ਬਿਹਾਰ ਦੀਆਂ ਸਾਰੀਆਂ 243 ਸੀਟਾਂ ਲਈ ਚੋਣਾਂ ਦੋ ਪੜਾਵਾਂ ਵਿੱਚ ਹੋਣਗੀਆਂ। ਪਹਿਲੇ ਪੜਾਅ ਲਈ ਵੋਟਿੰਗ 6 ਨਵੰਬਰ ਨੂੰ ਅਤੇ ਦੂਜੇ ਪੜਾਅ ਲਈ 11 ਨਵੰਬਰ ਨੂੰ ਹੋਵੇਗੀ। ਚੋਣ ਨਤੀਜੇ 14 ਨਵੰਬਰ ਨੂੰ ਜਾਰੀ ਕੀਤੇ ਜਾਣਗੇ। ਉਨ੍ਹਾਂ ਅੱਗੇ ਕਿਹਾ ਕਿ ਕਮਿਸ਼ਨ ਨੇ ਚੋਣਾਂ ਲਈ ਸਾਰੀਆਂ ਤਿਆਰੀਆਂ ਪੂਰੀਆਂ ਕਰ ਲਈਆਂ ਹਨ। ਉਨ੍ਹਾਂ ਅੱਗੇ ਕਿਹਾ ਕਿ ਚੋਣਾਂ ਦੌਰਾਨ ਹਿੰਸਾ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ ਅਤੇ ਜਾਅਲੀ ਖ਼ਬਰਾਂ 'ਤੇ ਵੀ ਨੇੜਿਓਂ ਨਜ਼ਰ ਰੱਖੀ ਜਾਵੇਗੀ।

ਬਿਹਾਰ ਵਿਧਾਨ ਸਭਾ ਦਾ ਕਾਰਜਕਾਲ 22 ਨਵੰਬਰ ਨੂੰ ਖਤਮ ਹੋ ਰਿਹਾ ਇਹ ਧਿਆਨ ਦੇਣ ਯੋਗ ਹੈ ਕਿ ਬਿਹਾਰ ਵਿਧਾਨ ਸਭਾ ਦਾ ਕਾਰਜਕਾਲ 22 ਨਵੰਬਰ ਨੂੰ ਖਤਮ ਹੋ ਰਿਹਾ ਹੈ। ਕਈ ਰਾਜਨੀਤਿਕ ਪਾਰਟੀਆਂ ਨੇ ਕਮਿਸ਼ਨ ਨੂੰ ਛੱਠ ਤਿਉਹਾਰ ਤੋਂ ਤੁਰੰਤ ਬਾਅਦ ਚੋਣਾਂ ਕਰਵਾਉਣ ਦੀ ਅਪੀਲ ਕੀਤੀ ਸੀ ਤਾਂ ਜੋ ਵੱਧ ਤੋਂ ਵੱਧ ਵੋਟਰ ਆਪਣੀ ਵੋਟ ਪਾ ਸਕਣ। 2020 ਵਿੱਚ, ਬਿਹਾਰ ਵਿਧਾਨ ਸਭਾ ਚੋਣਾਂ ਤਿੰਨ ਪੜਾਵਾਂ ਵਿੱਚ ਹੋਈਆਂ। ਪਹਿਲੇ ਪੜਾਅ ਵਿੱਚ 71 ਵਿਧਾਨ ਸਭਾ ਸੀਟਾਂ ਲਈ ਵੋਟਿੰਗ 28 ਅਕਤੂਬਰ, 2020 ਨੂੰ ਹੋਈ, ਜਦੋਂ ਕਿ 94 ਸੀਟਾਂ ਲਈ ਦੂਜਾ ਪੜਾਅ 3 ਨਵੰਬਰ ਨੂੰ ਅਤੇ 78 ਸੀਟਾਂ ਲਈ ਤੀਜਾ ਪੜਾਅ 7 ਨਵੰਬਰ ਨੂੰ ਹੋਇਆ। ਵੋਟਾਂ ਦੀ ਗਿਣਤੀ 10 ਨਵੰਬਰ ਨੂੰ ਹੋਈ।

# ਹੁਣ ਸਮਾਂ ਆ ਗਿਆ ਹੈ ਕਿ ਅਦਾਲਤ ਖੇਡਾਂ ਨਾਲ ਜੁੜੇ ਮਾਮਲਿਆਂ ਤੋਂ ਖ਼ੁਦ ਨੂੰ ਵੱਖ ਕਰ ਲਵੇ : ਸੁਪਰੀਮ ਕੋਰਟ

**ਨਵੀਂ ਦਿੱਲੀ।** ਸੁਪਰੀਮ ਕੋਰਟ ਨੇ ਸੋਮਵਾਰ ਨੂੰ ਕਿਹਾ ਕਿ ਹੁਣ ਸਮਾਂ ਆ ਗਿਆ ਹੈ ਕਿ ਉਹ ਕ੍ਰਿਕਟ ਸਮੇਤ ਖੇਡਾਂ ਨਾਲ ਜੁੜੇ ਮਾਮਲਿਆਂ ਤੋਂ ਖ਼ੁਦ ਨੂੰ ਦੂਰ ਰੱਖੇ। ਜਸਟਿਸ ਵਿਕਰਮ ਨਾਥ ਅਤੇ ਜਸਟਿਸ ਸੰਦੀਪ ਮਹਿਤਾ ਦੀ ਬੈਂਚ ਨੇ ਕਿਹਾ, ''ਕ੍ਰਿਕਟ 'ਚ ਹੁਣ ਖੇਡ ਵਰਗੀ ਕੋਈ ਚੀਜ਼ ਨਹੀਂ ਹੈ। ਇਹ ਇਕ ਤੱਥ ਹੈ। ਇਹ ਸੱਭ ਕਾਰੋਬਾਰ ਹੋ ਗਿਐ।'' ਬੈਂਚ ਨੇ ਇਹ ਟਿਪਣੀ ਜਬਲਪੁਰ ਡਿਵੀਜ਼ਨ ਲਈ ਕ੍ਰਿਕਟ ਐਸੋਸੀਏਸ਼ਨ ਨਾਲ ਜੁੜੇ ਮਾਮਲੇ ਵਿਚ ਮੱਧ ਪ੍ਰਦੇਸ਼ ਹਾਈ ਕੋਰਟ ਦੇ ਹੁਕਮ ਨੂੰ ਚੁਣੌਤੀ ਦੇਣ ਵਾਲੀ ਪਟੀਸ਼ਨ ਉਤੇ ਸੁਣਵਾਈ ਦੌਰਾਨ ਕੀਤੀ। ਜਸਟਿਸ ਨਾਥ ਨੇ ਇਸ ਮਾਮਲੇ ਵਿਚ ਵੱਖ-ਵੱਖ ਧਿਰਾਂ ਦੀ ਨੁਮਾਇੰਦਗੀ ਕਰਨ ਵਾਲੇ ਵਕੀਲਾਂ ਨੂੰ ਪੁਛਿਆ ਕਿਹਾ, ''ਅੱਜ ਅਸੀਂ ਕ੍ਰਿਕਟ ਖੇਡ ਰਹੇ ਹਾਂ। ਤਿੰਨ-ਚਾਰ ਮਾਮਲੇ ਆਏ ਹਨ। ਇਕ ਨੂੰ ਪਹਿਲਾਂ ਹੀ ਦੂਜੇ ਗੇੜ ਲਈ ਮੁਲਤਵੀ ਕਰ ਦਿਤਾ ਗਿਆ ਹੈ। ਇਹ ਦੂਜਾ ਹੈ। ਇਥੇ ਦੋ ਹੋਰ ਹਨ। ਅੱਜ ਤੁਸੀਂ ਕਿੰਨੇ ਟੈਸਟ ਮੈਚ ਖੇਡੋਗੇ?'' ਇਸ 'ਤੇ ਪਟੀਸ਼ਨਕਰਤਾ ਦੇ ਵਕੀਲ ਨੇ ਕਿਹਾ ਕਿ ਦੇਸ਼ 'ਚ ਕ੍ਰਿਕਟ ਦਾ ਜਨੂੰਨ



ਹੈ। ਜਸਟਿਸ ਨਾਥ ਨੇ ਕਿਹਾ, ''ਮੈਨੂੰ ਲਗਦਾ ਹੈ ਕਿ ਹੁਣ ਸਮਾਂ ਆ ਗਿਆ ਹੈ ਕਿ ਅਦਾਲਤ ਨੂੰ ਕ੍ਰਿਕਟ, ਬੈਡਮਿੰਟਨ, ਵਾਲੀਬਾਲ, ਬਾਸਕਟਬ- ਾਲ ਦੇ ਕੇਸਾਂ ਤੋਂ ਖ਼ੁਦ ਨੂੰ ਦੂਰ ਰੱਖਣਾ ਚਾਹੀਦਾ ਹੈ।'' ਪਟੀਸ਼ਨਕਰਤਾ ਦੇ ਵਕੀਲ ਨੇ ਕਿਹਾ ਕਿ ਇਹ ਮਾਮਲੇ ਕੁੱਝ ਚਿੰਤਾਵਾਂ ਕਾਰਨ ਸੁਪਰੀਮ ਕੋਰਟ ਦੇ ਸਾਹਮਣੇ ਆ ਰਹੇ ਹਨ। ਵਕੀਲ ਨੇ ਕਿਹਾ, ''ਮੁੱਦਾ ਇਹ ਹੈ ਕਿ ਇਨ੍ਹਾਂ ਸਾਰੇ ਮਾਮਲਿਆਂ ਵਿਚ ਦਾਅ ਬਹੁਤ ਜ਼ਿਆਦਾ ਹੋ ਗਿਆ ਹੈ। ਕਿਸੇ ਵੀ ਖੇਡ 'ਚ, ਜਿਸ ਦਾ ਵਪਾਰੀਕਰਨ ਹੋ ਗਿਆ ਹੈ, ਅਜਿਹਾ ਹੋਣਾ ਲਾਜ਼ਮੀ ਹੈ।'' ਬੈਂਚ ਨੇ ਪਟੀਸ਼ਨ ਉਤੇ ਵਿਚਾਰ ਕਰਨ ਤੋਂ ਅਪਣੀ ਝਿਜਕ ਜ਼ਾਹਰ ਕੀਤੀ। ਪਟੀਸ਼ਨਕਰਤਾ ਦੇ ਵਕੀਲ ਨੇ ਬੈਂਚ ਨੂੰ ਬੇਨਤੀ ਕੀਤੀ ਕਿ ਉਸ ਨੂੰ ਪਟੀਸ਼ਨ ਵਾਪਸ ਲੈਣ ਦੀ ਇਜਾਜ਼ਤ ਦਿਤੀ ਜਾਵੇ। ਬੈਂਚ ਨੇ ਪਟੀਸ਼ਨ ਵਾਪਸ ਲੈਣ ਦੀ ਇਜਾਜ਼ਤ ਦਿਤੀ।

# ਦੋ ਹੈਂਡ ਗ੍ਰੇਨੇਡ ਸਮੇਤ ਦੋ ਵਿਅਕਤੀ ਗ੍ਰਿਫ਼ਤਾਰ

**ਅੰਮ੍ਰਿਤਸਰ।** ਪੰਜਾਬ 'ਚ ਅਮਨ ਕਾਨੂੰਨ ਦੀ ਸਥਿਤੀ ਨੂੰ ਮਜ਼ਬੂਤ ਬਣਾਈ ਰੱਖਣ ਲਈ ਪੁਲਿਸ ਵੱਲੋਂ ਨਿਰੰਤਰ ਸਖ਼ਤ ਕਾਰਵਾਈ ਕੀਤੀ ਜਾ ਰਹੀ ਹੈ। ਇਸੇ ਤਹਿਤ ਅੰਮ੍ਰਿਤਸਰ ਦੇ ਐਸ.ਐਸ.ਪੀ. (ਦਿਹਾਤੀ) ਸਿੰਘ ਨੇ ਦੱਸਿਆ ਕਿ ਦਿਹਾਤੀ ਪੁਲਿਸ ਨੇ ਇੱਕ ਵੱਡੀ ਕਾਰਵਾਈ ਅੰਜਾਮ ਦਿੱਤੀ ਹੈ ਜਿਸ ਵਿੱਚ ਦੋ ਵਿਅਕਤੀਆਂ ਨੂੰ ਗ੍ਰਿਫਤਾਰ ਕਰਕੇ ਚਾਰ ਹੈਂਡ ਗ੍ਰੇਨੇਡ ਬਰਾਮਦ ਕੀਤੇ ਗਏ ਹਨ। ਐਸ.ਐਸ.ਪੀ. ਨੇ ਦੱਸਿਆ ਕਿ ਬੀਤੇ ਦਿਨੀ ਰਵਿੰਦਰ ਰਵੀ ਨਾਂ ਦੇ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਗਿਆ ਸੀ। ਇਹਦੇ ਪਾਸੋਂ ਦੋ ਹੈਂਡ ਗ੍ਰੇਨੇਡ ਮਿਲੇ। ਪੁੱਛਗਿੱਛ ਦੌਰਾਨ ਰਵਿੰਦਰ ਦੇ ਇਕ ਹੋਰ ਸਾਥੀ ਹਰਪ੍ਰੀਤ ਸਿੰਘ ਉਰਫ਼ ਹੈਪੀ ਉਰਫ਼ ਮਿਲਖਾ ਨੂੰ ਵੀ ਗ੍ਰਿਫਤਾਰ ਕੀਤਾ ਗਿਆ। ਇਹਦੇ ਕੋਲੋਂ ਵੀ ਦੋ ਹੈਂਡ ਗ੍ਰੇਨੇਡ ਬਰਾਮਦ ਹੋਏ। ਤਫ਼ਤੀਸ਼ ਦੌਰਾਨ ਖੁਲਾਸਾ ਹੋਇਆ ਕਿ ਇਹ ਦੋਵੇਂ ਆਈਐਸਆਈ ਨਾਲ ਜੁੜੇ ਵਿਦੇਸ਼ੀ ਹੈਂਡਲਰਾਂ ਨਾਲ ਸੰਪਰਕ




ਵਿੱਚ ਸਨ। ਪੁਲਿਸ ਅਧਿਕਾਰੀਆਂ ਅਨੁਸਾਰ ਇਹਨਾਂ ਨੂੰ ਡਰੋਨ ਰਾਹੀਂ ਗ੍ਰੇਨੇਡਾਂ ਦੀ ਕੰਸਾਈਨਮੈਂਟ ਭੇਜੀ ਗਈ ਸੀ, ਜਿਸਨੂੰ ਰਵਿੰਦਰ ਅਤੇ ਹਰਪ੍ਰੀਤ ਨੇ ਪ੍ਰਾਪਤ ਕਰਕੇ ਸਟੋਰ ਕੀਤਾ ਹੋਇਆ ਸੀ। ਉਹਨਾਂ ਨੂੰ ਅੱਗੇ ਟਾਰਗੇਟ ਦਿੱਤੇ ਜਾਣੇ ਸਨ, ਪਰ ਪੁਲਿਸ ਨੇ ਵਕ਼ਤ 'ਤੇ ਕਾਰਵਾਈ ਕਰਕੇ ਵੱਡੀ ਸਾਜ਼ਿਸ਼ ਨੂੰ ਨਾਕਾਮ ਕਰ ਦਿੱਤਾ। ਐਸ.ਐਸ.ਪੀ. ਨੇ ਕਿਹਾ ਕਿ ਮਾਮਲੇ ਦੀ ਤਫ਼ਤੀਸ਼ ਡੂੰਘਾਈ ਨਾਲ ਕੀਤੀ ਜਾ ਰਹੀ ਹੈ ਅਤੇ ਇਹਨਾਂ ਦੇ ਹੋਰ ਸਾਥੀਆਂ, ਬੈਕਵਰਡ ਲਿੰਕਸ ਅਤੇ ਹੈਂਡਲਰਾਂ ਤੱਕ ਪਹੁੰਚਣ ਲਈ ਸਪੈਸ਼ਲ ਟੀਮਾਂ ਤਾਇਨਾਤ ਕੀਤੀਆਂ ਗਈਆਂ ਹਨ।

Samaj Weekly
ਸਮਾਜ ਵੀਕਲੀ

Editor-in-chief
Devinder Chander
+44 7878 456 484

Editorial Office
Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com

ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

ਪੱਤਰਕਾਰਾਂ ਦੀ ਲੋੜ

ਇੰਗਲੈਂਡ ਦੇ ਹਰ ਇਲਾਕੇ 'ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।

Editor-in-chief : **Devinder Chander**

**Mob: 07878 456 484**


ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

# ਲੱਦਾਖ ’ਚ ਸ਼ਹੀਦ ਹੋਏ ਲਾਲੜੂ ਪਿੰਡ ਦੇ ਜਵਾਨ ਦਾ ਸਰਕਾਰੀ ਸਨਮਾਮਨ ਨਾਲ ਸਸਕਾਰ



**ਲਾਲੜੂ।** ਭਾਰਤੀ ਫੌਜ ਦੀ ਬੰਬੇ ਇੰਜਨੀਅਰ ਰੈਜੀਮੈਂਟ ਵਿੱਚ ਲੇਹ ਲੱਦਾਖ ਵਿੱਚ ਤੈਨਾਤ ਗਗਨਦੀਪ ਸਿੰਘ ਖਰਾਬ ਮੌਸਮ ਦੌਰਾਨ ਤਬਿਅਤ ਵਿਗੜਨ ਕਾਰਨ ਸ਼ਹੀਦ ਹੋ ਗਿਆ। ਲਾਲੜੂ ਪਿੰਡ ਦੇ ਜੰਮਪਲ 25 ਸਾਲਾ ਲਾਸ ਨਾਇਕ ਗਗਨਦੀਪ ਸਿੰਘ ਬੀਤੀ ਚਾਰ ਅਕਤੂਬਰ ਸਹੀਦ ਹੋ ਗਿਆ ਸੀ ਅਤੇ ਉਸ ਦਾ ਸਸਕਾਰ ਅੱਜ ਸਰਕਾਰੀ ਸਨਮਾਨਾਂ ਨਾਲ ਲਾਲੜੂ ਪਿੰਡ ਦੇ ਸ਼ਮਸ਼ਾਨ ਘਾਟ ਵਿੱਚ ਕੀਤਾ ਗਿਆ। ਇਸ ਮੌਕੇ ਜਿੱਥੇ ਸ਼ਹੀਦ ਦੇ ਪਿਤਾ ਨਸੀਬ ਸਿੰਘ , ਮਾਤਾ ਅਤੇ ਭੈਣ ਸਮੇਤ ਰਿਸ਼ਤੇਦਾਰਾਂ ਤੇ ਪੂਰੇ ਪਿੰਡ ਅਤੇ ਇਲਾਕੇ ਨੇ ਆਪਣੇ ਸ਼ਹੀਦ ਨੂੰ ਨਮ ਅੱਖਾਂ ਨਾਲ ਵਿਦਾਈ ਕੀਤੀ , ਉਥੇ ਹੀ ਭਾਰਤੀ ਫੌਜ ਦੇ ਜਵਾਨਾਂ ਨੇ ਹਵਾਈ ਫਾਇਰ ਕਰਕੇ ਉਸ ਨੂੰ ਸਨਮਾਨ ਸਹਿਤ ਸਲਾਮੀ ਦਿੱਤੀ। ਇਸ ਮੌਕੇ ਵਿਸ਼ੇਸ਼ ਤੌਰ ਤੇ ਪੁੱਜੇ ਸਾਬਕਾ ਵਿਧਾਇਕ ਐੱਨ ਕੇ ਸ਼ਰਮਾ ਨੇ ਸ਼ਹੀਦ ਨੂੰ ਫੁੱਲ ਮਾਲਾਵਾਂ ਭੇਟ ਕੀਤੀਆਂ ਅਤੇ ਕਿਹਾ ਕਿ ਅੱਜ ਬਹੁਤ ਅਫਸੋਸ ਨਾਲ ਕਹਿਣਾ ਪੈ ਰਿਹਾ ਹੈ ਕਿ ਪੰਜਾਬ ਸਰਕਾਰ ਦਾ ਕੋਈ ਨੁਮਾਇੰਦਾ ਜਾਂ ਪ੍ਰਸ਼ਾਸਨ ਦਾ ਕੋਈ ਵੀ ਅਧਿਕਾਰੀ ਸ਼ਹੀਦ ਨੂੰ ਸ਼ਰਧਾਂਜਲੀ ਦੇਣ ਲਈ ਨਹੀਂ ਪੁੱਜਾ। ਉਨ੍ਹਾਂ ਕਿਹਾ ਕਿ ਜੋ ਸਰਕਾਰ ਆਪਣੇ ਸ਼ਹੀਦਾਂ ਦੀ ਸ਼ਹਾਦਤ ਨੂੰ ਭੁੱਲ ਜਾਵੇ, ਉਸ ਨੂੰ ਲੋਕਾਂ ਤੇ ਰਾਜ ਕਰਨ ਦਾ ਕੋਈ ਅਧਿਕਾਰ ਨਹੀਂ ਹੈ। ਇਸ ਮੌਕੇ ਡਿਪਟੀ ਕਮਿਸ਼ਨਰ ਤੋਂ ਲੈ ਕੇ ਹੇਠਲੇ ਪੱਧਰ ਦਾ ਕੋਈ ਵੀ ਅਧਿਕਾਰੀ ਮੌਕੇ ਤੇ ਨਹੀਂ ਪੁੱਜਿਆ ਸੀ।ਸ਼ਹੀਦ ਗਗਨਦੀਪ ਸਿੰਘ ਦੇ ਪਿਤਾ ਨਸੀਬ ਸਿੰਘ ਨੇ ਉਸ ਦੀ ਚਿਤਾ ਨੂੰ ਅੱਗ ਵਿਖਾਈ, ਉਸ ਤੋਂ ਪਹਿਲਾਂ ਭਾਰਤੀ ਫੌਜ ਦੇ ਅਧਿਕਾਰੀਆਂ ਨੇ ਪਰਿਵਾਰ ਨੂੰ ਸ਼ਹੀਦ ਦੀ ਦੇਹ ਤੇ ਲਪੇਟਿਆ ਤਿਰੰਗਾ ਸਨਮਾਨਪੂਰਵਕ ਭੇਟ ਕੀਤਾ।

# ਸ਼ਰਮਨਾਕ: ਫ਼ਰੀਦਕੋਟ ’ਚ ਭਿਆਨਕ ਹਾਦਸੇ ਤੋਂ ਬਾਅਦ ਰੇਹੜੀ ’ਤੇ ਲਿਜਾਈ ਗਈ ਲਾਸ਼



**ਫ਼ਰੀਦਕੋਟ।** ਇੱਥੋਂ ਦੀ ਫ਼ਿਰੋਜ਼ਪੁਰ ਸੜਕ ’ਤੇ ਵਾਪਰੇ ਇੱਕ ਭਿਆਨਕ ਸੜਕ ਹਾਦਸੇ ਦੇ ਸਬੰਧ ਵਿੱਚ ਇੱਕ ਵਾਇਰਲ ਹੋਈ ਵੀਡੀਓ ਨੇ ਲੋਕਾਂ ਵਿੱਚ ਰੋਸ ਪੈਦਾ ਕਰ ਦਿੱਤਾ। ਹਾਦਸੇ ਉਪਰੰਤ ਇੱਕ ਵੀਡੀਓ ਵਾਇਰਲ ਹੋ ਰਹੀ ਹੈ ਜਿਸ ਵਿਚ ਮ੍ਰਿਤਕ ਦੀ ਲਾਸ਼ ਨੂੰ ਪੁਲੀਸ ਕਰਮਚਾਰੀਆਂ ਦੀ ਮੌਜੂਦਗੀ ਦੇ ਬਾਵਜੂਦ, ਐਂਬੂਲੈਂਸ ਦੀ ਬਜਾਏ ਹੱਥ-ਰੇਹੜੀ ’ਤੇ ਲਿਜਾਇਆ ਜਾ ਰਿਹਾ ਸੀ।

ਜ਼ਿਕਰਯੋਗ ਹੈਕਿ ਇੱਕ ਈ-ਰਿਕਸ਼ਾ ਮੋਟਰਸਾਈਕਲ ਨਾਲ ਟਕਰਾਉਣ ਦੌਰਾਨ ਕਥਿਤ ਤੌਰ 'ਤੇ ਇੱਕ ਟਰੱਕ ਨੇ ਮੋਟਰਸਾਈਕਲ ਸਵਾਰ ਨੂੰ ਕੁਚਲ ਦਿੱਤਾ, ਜਿਸ ਨਾਲ ਉਸਦੀ ਮੌਕੇ 'ਤੇ ਹੀ ਮੌਤ ਹੋ ਗਈ। ਪੁਲੀਸ ਨੇ ਮੌਕੇ ’ਤੇ ਪਹੁੰਚ ਕੇ ਮੁੱਢਲੀ ਕਾਰਵਾਈ ਸ਼ੁਰੂ ਕਰ ਦਿੱਤੀ। ਹਾਲਾਂਕਿ, ਲਾਸ਼ ਨੂੰ ਲਿਜਾਣ ਲਈ ਢੁਕਵੇਂ ਵਾਹਨ ਦੀ ਵਰਤੋਂ ਦੀ ਥਾਂ ਰੇਹੜੀ ’ਤੇ ਲੈ ਕੇ ਜਾਣ ਕਾਰਨ ਸਥਾਨਕ ਲੋਕਾਂ ਅਤੇ ਸੋਸ਼ਲ ਮੀਡੀਆ ਵਰਤੋਂਕਾਰਾਂ ਦੋਵਾਂ ਨੇ ਸਖ਼ਤ ਆਲੋਚਨਾ ਕੀਤੀ ਹੈ।

ਐਡਵੋਕੇਟ ਕਰਨਦੀਪ ਭੁੱਲਰ ਨੇ ਸਥਿਤੀ ਨੂੰ ਸੰਭਾਲਣ ਦੇ ਢੰਗ ਦੀ ਸਖ਼ਤ ਨਿੰਦਾ ਕੀਤੀ, ਇਸ ਨੂੰ ਸ਼ਰਮਨਾਕ ਅਤੇ ਅਣਮਨੁੱਖੀ ਕਰਾਰ ਦਿੱਤਾ। ਉਨ੍ਹਾਂ ਦੋਸ਼ ਲਾਇਆ ਕਿ ਸਰਕਾਰ ਦੇ ਐਮਰਜੈਂਸੀ ਅਤੇ ਸਿਹਤ ਸੇਵਾਵਾਂ ਵਿੱਚ ਸੁਧਾਰ ਕਰਨ ਦੇ ਵਾਰ-ਵਾਰ ਕੀਤੇ ਗਏ ਦਾਅਵਿਆਂ ਦੇ ਬਾਵਜੂਦ, ਜ਼ਮੀਨੀ ਹਕੀਕਤ ਕੁਝ ਹੋਰ ਹੀ ਬਿਆਨ ਕਰਦੀ ਹੈ। ਐਡਵੋਕੇਟ ਭੁੱਲਰ ਨੇ ਕਿਹਾ, ‘‘ਇਹ ਸ਼ਰਮ ਦੀ ਗੱਲ ਹੈ ਕਿ ਅਧਿਕਾਰੀ ਮ੍ਰਿਤਕ ਲਈ ਐਂਬੂਲੈਂਸ ਦਾ ਪ੍ਰਬੰਧ ਵੀ ਨਹੀਂ ਕਰ ਸਕੇ। ਵਾਇਰਲ ਵੀਡੀਓ ਨੇ ਜਨਤਕ ਸਿਹਤ ਢਾਂਚੇ ਬਾਰੇ ਸਰਕਾਰ ਦੇ ਖੋਖਲੇ ਦਾਅਵਿਆਂ ਦਾ ਪੂਰੀ ਤਰ੍ਹਾਂ ਪਰਦਾਫਾਸ਼ ਕਰ ਦਿੱਤਾ ਹੈ।’’ ਉਨ੍ਹਾਂ ਨੇ ਅੱਗੇ ਫ਼ਰੀਦਕੋਟ ਪੁਲੀਸ, ਸਿਹਤ ਵਿਭਾਗ ਅਤੇ ਸਥਾਨਕ ਵਿਧਾਇਕ ਨੂੰ ਬੁਨਿਆਦੀ ਐਮਰਜੈਂਸੀ ਜਵਾਬ ਸਹੂਲਤਾਂ ਦੀ ਅਣਹੋਂਦ ਲਈ ਸਮੂਹਿਕ ਤੌਰ 'ਤੇ ਜ਼ਿੰਮੇਵਾਰ ਠਹਿਰਾਇਆ। ਇਸ ਘਟਨਾ ਨੇ ਛੋਟੇ ਕਸਬਿਆਂ ਵਿੱਚ ਐਮਰਜੈਂਸੀ ਸਿਹਤ ਪ੍ਰਣਾਲੀਆਂ ਦੀ ਸਥਿਤੀ ਅਤੇ ਐਂਬੂਲੈਂਸਾਂ ਦੀ ਉਪਲਬਧਤਾ 'ਤੇ ਇੱਕ ਵੱਡੀ ਬਹਿਸ ਛੇੜ ਦਿੱਤੀ ਹੈ, ਜਿਸ ਵਿੱਚ ਲੋਕ ਅਧਿਕਾਰੀਆਂ ਤੋਂ ਜਵਾਬਦੇਹੀ ਅਤੇ ਤੁਰੰਤ ਸੁਧਾਰਾਂ ਦੀ ਮੰਗ ਕਰ ਰਹੇ ਹਨ।


SHAM LAL CHANDER

ID no. 921760

BUILDING MAINTENANCE HANDYMAN (CHECKATRADE)



Sham Lal Chander building maintenance handyman Under checkatrade platform is now available on your local London Area. They have fully trained and experienced tradesmen and do genuinely fast responses to all online enquiries. Their team are knowledgeable and providing on-time service. They have been providing remodelling, repairing and maintaining for over five years.

SPECIALITY:

PLUMBING : - Repairs/Replacement of Bathrooms accessories (sink, taps, tubs, showers, Toilets etc.

ELECTRICIAN :- Repairs/Replacement of all types of Sockets, Switches, Lamps, Fans, Cameras, Washing machines, Cookers, Alarms, Mount TV on walls, etc.

MASONRY WORK: - Plastering, skimming, Brick Work, Slabs Lying, Drive Ways, Roof maintenance etc.

CARPENTRY: - Laminate Flooring, Fencing, Flat Packs Assembling, Doors repairing/ replacing, Skirting, Decking, Selves making etc.

For more information please contact at www.checkatrade.com

Chander Consultants Limited, London, UK 07488841161

# ਰੋਟਰੀ ਕਲੱਬ ਆਫ਼ ਲੁਧਿਆਣਾ ਸਿਟੀ ਵੱਲੋਂ ਇੰਸਟਾਲੇਸ਼ਨ ਸੈਰਾਮਨੀ ਆਯੋਜਿਤ

## ● ਉਸਾਰੂ ਸੋਚ ਨੂੰ ਸਮਾਜ ਭਲਾਈ ਦੇ ਕਾਰਜਾਂ 'ਚ ਲਗਾਉਣਾ ਅਸਲ ਮਨੁੱਖੀ ਸੇਵਾ-ਸ਼੍ਰੀ ਰੋਹਿਤ ਉਬਰਾਏ

## ● ਨਵ ਨਿਯੁਕਤ ਪ੍ਰਧਾਨ ਰੋਟਰੀਅਨ ਡਾ: ਰਣਜੀਤ ਸਿੰਘ ਨੂੰ ਕੀਤਾ ਗਿਆ ਸਨਮਾਨਿਤ

**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਇਨਸਾਨੀ ਕਦਰਾਂ ਕੀਮਤਾਂ ਤੇ ਪਹਿਰਾ ਦੇਣਾ ਅਤੇ ਆਪਣੀ ਉਸਾਰੂ ਸੋਚ ਨੂੰ ਸਮਾਜ ਭਲਾਈ ਦੇ ਕਾਰਜਾਂ ਵਿੱਚ ਲਗਾਉਣਾ ਹੀ ਅਸਲ ਮਨੁੱਖੀ ਸੇਵਾ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਰੋਟਰੀਅਨ ਸ਼੍ਰੀ ਰੋਹਿਤ ਉਬਰਾਏ ਡਿਸਟ੍ਰਿਕ ਗਵਰਨਰ- 3070 ਨੇ ਬੀਤੀ ਸ਼ਾਮ ਸਥਾਨਕ ਰਿਸ਼ੀ ਨਗਰ ਲੁਧਿਆਣਾ ਵਿਖੇ ਰੋਟਰੀ ਕਲੱਬ ਆਫ਼ ਲੁਧਿਆਣਾ ਸਿਟੀ ਦੇ ਵੱਲੋਂ ਆਯੋਜਿਤ ਕੀਤੀ ਗਈ ਇੰਸਟਾਲੇਸ਼ਨ ਸੈਰਾਮਨੀ ਦੌਰਾਨ ਰੋਟਰੀ ਕਲੱਬ ਆਫ਼ ਲੁਧਿਆਣਾ ਸਿਟੀ ਦੇ ਸਮੂਹ ਮੈਂਬਰਾਂ ਤੇ ਰੋਟਰੀ ਕਲੱਬ ਦੇ ਪ੍ਰਮੁੱਖ ਅਹੁਦੇਦਾਰਾਂ ਨੂੰ ਸੰਬੋਧਨ ਕਰਦਿਆਂ ਹੋਇਆਂ ਕੀਤਾ। ਉਨ੍ਹਾਂ ਨੇ ਆਪਣੇ ਪ੍ਰਭਾਵਸ਼ਾਲੀ ਸੰਬੋਧਨ ਵਿੱਚ ਕਿਹਾ ਕਿ ਸਮੁੱਚੇ ਵਿਸ਼ਵ ਭਰ ਵਿੱਚ ਮਨੁੱਖਤਾ ਦੀ ਸੇਵਾ ਕਰਨ ਤੇ ਸਮਾਜ ਸੇਵੀ ਕਾਰਜਾਂ ਨੂੰ ਯੋਜਨਾਬੱਧ ਤਰੀਕੇ ਨਾਲ ਚਲਾਉਣ ਲਈ ਜੋ ਸੇਵਾ ਮੁਹਿੰਮ ਰੋਟਰੀ ਕਲੱਬ ਵੱਲੋਂ ਚਲਾਈ ਜਾ ਰਹੀ ਹੈ। ਉਹ ਆਪਣੇ ਆਪ ਇੱਕ ਮਿਸਾਲੀ ਕਾਰਜ ਹੈ। ਜਿਸ ਦੇ ਲਈ ਮੈਂ ਸਮੂਹ ਰੋਟਰੀਅਨ ਮੈਂਬਰਾਂ ਦਾ ਦਿਲੋਂ ਧੰਨਵਾਦ ਪ੍ਰਗਟ ਕਰਦਾ ਹਾਂ। ਇਸ ਮੌਕੇ ਰੋਟਰੀਅਨ ਸ਼੍ਰੀ ਰੋਹਿਤ ਉਬਰਾਏ ਡਿਸਟ੍ਰਿਕ ਗਵਰਨਰ 3070 ਨੇ ਸਮੂਹ ਰੋਟਰੀਅਨ ਨੂੰ ਜ਼ੋਰਦਾਰ ਸੱਦਾ ਦੇਂਦਿਆਂ ਹੋਇਆਂ ਕਿਹਾ ਕਿ ਰੋਟਰੀ ਕਲੱਬ ਨੂੰ ਉਹ ਹੋਰ ਮਜ਼ਬੂਤੀ ਪ੍ਰਦਾਨ ਕਰਨ ਲਈ ਵੱਧ ਤੋਂ ਵੱਧ ਇਸਤਰੀਆਂ ਤੇ ਨੌਜਵਾਨਾਂ ਨੂੰ ਕਲੱਬ ਨਾਲ ਜੋੜਨ ਦਾ ਉਪਰਾਲਾ ਕਰਨ ਤਾਂ ਕਿ



ਸੇਵਾ ਕਾਰਜਾਂ ਦੀ ਮੁਹਿੰਮ ਨੂੰ ਹੋਰ ਪ੍ਰਚੰਡ ਕੀਤਾ ਜਾ ਸਕੇ। ਉਨ੍ਹਾਂ ਨੇ ਰੋਟਰੀ ਕਲੱਬ ਆਫ਼ ਲੁਧਿਆਣਾ ਸਿਟੀ ਦੇ ਨਵ ਨਿਯੁਕਤ ਪ੍ਰਧਾਨ ਰੋਟਰੀਅਨ ਡਾ: ਰਣਜੀਤ ਸਿੰਘ ਤੇ ਉਨ੍ਹਾਂ ਦੀ ਸਮੁੱਚੀ ਟੀਮ ਵੱਲੋਂ ਪਿਛਲੇ ਸਮੇਂ ਦੌਰਾਨ ਵਿੱਦਿਆ, ਸਿਹਤ ਅਤੇ ਚੌਗਿਰਦੇ ਦੀ ਸੰਭਾਲ ਪ੍ਰਤੀ ਕੀਤੇ ਗਏ ਸਮੂਹ ਸੇਵਾ ਕਾਰਜਾਂ ਦੀ ਸ਼ਲਾਘਾ ਕੀਤੀ। ਇਸ ਦੌਰਾਨ ਰੋਟਰੀ ਕਲੱਬ ਦੇ ਪਾਸਟ ਪ੍ਰਧਾਨ ਰੋਟਰੀਅਨ ਸ੍ਰ: ਸੁਰਿੰਦਰ ਸਿੰਘ ਕਟਾਰੀਆ ਨੇ ਰੋਟਰੀ ਕਲੱਬ ਲੁਧਿਆਣਾ ਸਿਟੀ ਵੱਲੋਂ ਪਿਛਲੇ ਅਰਸੇ ਦੌਰਾਨ ਕੀਤੇ ਗਏ ਸਮੂਹ ਸਮਾਜ ਸੇਵੀ ਕਾਰਜਾਂ ਦੀ ਰਿਪੋਰਟ ਅਤੇ ਨਵੇਂ ਆਰੰਭ ਕੀਤੇ ਜਾ ਰਹੇ ਪ੍ਰੋਜੈਕਟਾਂ ਦਾ ਸਮੁੱਚਾ ਬਿਊਰਾ ਰੋਟਰੀ ਕਲੱਬ ਦੇ ਮੈਂਬਰਾਂ ਸਾਹਮਣੇ ਪੇਸ਼ ਕੀਤਾ। ਇਸ ਦੌਰਾਨ ਰੋਟਰੀਅਨ ਸ਼੍ਰੀ ਰੋਹਿਤ ਉਬਰਾਏ ਡਿਸਟ੍ਰਿਕ ਗਵਰਨਰ 3070 ਨੇ ਰੋਟਰੀ ਕਲੱਬ ਲੁਧਿਆਣਾ ਸਿਟੀ ਦੇ ਨਵ ਨਿਯੁਕਤ ਪ੍ਰਧਾਨ ਰੋਟਰੀਅਨ ਡਾ: ਰਣਜੀਤ ਸਿੰਘ ਤੇ ਸੈਕਟਰੀ ਰੋਟਰੀਅਨ, ਸ੍ਰ: ਅਜੈਬ ਸਿੰਘ



ਮੱਕੜ ਨੂੰ ਯਾਦਗਾਰੀ ਰੋਟਰੀ ਚਿੰਨ੍ਹ ਭੇਟ ਕਰਕੇ ਸਨਮਾਨਿਤ ਵੀ ਕੀਤਾ। ਸਮਾਗਮ ਦੌਰਾਨ ਰੋਟਰੀ ਕਲੱਬ ਲੁਧਿਆਣਾ ਸਿਟੀ ਦੇ ਨਵ ਨਿਯੁਕਤ ਪ੍ਰਧਾਨ ਰੋਟਰੀਅਨ ਡਾ: ਰਣਜੀਤ ਸਿੰਘ ਦੀ ਅਗਵਾਈ ਹੇਠ ਕਲੱਬ ਦੇ ਸਮੂਹ ਅਹੁਦੇਦਾਰਾਂ ਵੱਲੋਂ ਰੋਟਰੀਅਨ ਸ਼੍ਰੀ ਰੋਹਿਤ ਉਬਰਾਏ ਡਿਸਟ੍ਰਿਕ ਗਵਰਨਰ 3070 ਨੂੰ ਵਿਸ਼ੇਸ਼ ਤੌਰ ਤੇ ਸਨਮਾਨ ਚਿੰਨ੍ਹ ਭੇਟ ਕਰਕੇ ਸਨਮਾਨਿਤ ਵੀ ਕੀਤਾ ਗਿਆ । ਇਸ ਮੌਕੇ ਉਨ੍ਹਾਂ ਦੇ ਨਾਲ ਰੋਟਰੀਅਨ ਹਰਮਿੰਦਰ ਸਿੰਘ ਯੋਗੀ (ਡੀ. ਸੀ), ਰੋਟਰੀਅਨ ਸ੍ਰ: ਸੁਰਿੰਦਰ ਸਿੰਘ ਕਟਾਰੀਆ (ਆਈ.ਪੀ.ਪੀ), ਰੋਟਰੀਅਨ ਡਾ: ਹਰਵਿੰਦਰ ਸਿੰਘ, ਰੋਟਰੀਅਨ ਡਾ: ਅਜੈਪਾਲ ਸਿੰਘ, ਰੋਟਰੀਅਨ ਡਾ: ਬਲਬੀਰ ਸਿੰਘ, ਰੋਟਰੀਅਨ ਦਲਜੀਤ ਸਿੰਘ, ਰੋਟਰੀਅਨ ਸ਼੍ਰੀ ਅਸ਼ਵਨੀ ਸੂਦ, ਰੋਟਰੀਅਨ ਸ਼੍ਰੀਮਤੀ ਡਾ: ਸੰਦੀਪ ਕੌਰ, ਰੋਟਰੀਅਨ ਸ਼੍ਰੀਮਤੀ ਡਾ: ਰੈਨੂੰ ਛਤਵਾਲ ਸਮੇਤ ਰੋਟਰੀ ਕਲੱਬ ਆਫ਼ ਲੁਧਿਆਣਾ ਸਿਟੀ ਦੇ ਪ੍ਰਮੁੱਖ ਮੈਂਬਰ ਵੱਖ-ਵੱਖ ਕਲੱਬਾਂ ਦੇ ਅਹੁਦੇਦਾਰ ਸਾਹਿਬਾਨ ਵਿਸ਼ੇਸ਼ ਤੌਰ ਤੇ ਹਾਜ਼ਰ ਸਨ।

# ਇਤਿਹਾਸਿਕ ਹੋਵੇਗੀ 9 ਅਕਤੂਬਰ ਦੀ ਤਖਤ ਬਦਲ ਦਿਓ ਤਾਜ ਬਦਲ ਦਿਓ ਰੈਲੀ- ਕਰੀਮਪੁਰੀ

**ਗੁਰਾਇਆ (ਚਰਨਜੀਤ ਸੱਲ੍ਹਾਂ )** ਪਿੰਡ ਵਿਰਕਾਂ ਵਿਧਾਨ ਸਭਾ ਹਲਕਾ ਫਿਲੌਰ ਦੇ ਵਿੱਚ ਬਹੁਜਨ ਸਮਾਜ ਪਾਰਟੀ ਦੀ ਮੀਟਿੰਗ ਕੀਤੀ ਗਈ ਜਿਸ ਵਿੱਚ 9 ਅਕਤੂਬਰ ਨੂੰ ਵੱਡੀ ਗਿਣਤੀ ਵਿੱਚ ਪੰਜਾਬ ਸੰਭਾਲੋ ਮਹਿਮ ਦੇ ਤਹਿਤ ਸਾਹਿਬ ਸ਼੍ਰੀ ਕਾਂਸ਼ੀ ਰਾਮ ਜੀ ਦੇ ਪ੍ਰੀ ਨਿਰਵਾਣ ਦਿਵਸ ਤੇ ਤਖਤ ਬਦਲ ਦਿਓ ਤਾਜ ਬਦਲ ਦਿਓ ਮਹਾਰੈਲੀ ਵਿੱਚ ਸ਼ਾਮਿਲ ਹੋਣ ਦਾ ਸੱਦਾ ਦਿੱਤਾ ਗਿਆ। ਇਹ ਸੱਦਾ ਅੱਜ ਅਵਤਾਰ ਸਿੰਘ ਕਰੀਮਪੁਰੀ ਜੀ ਨੇ ਆਪ ਪਿੰਡ ਵਿਰਕਾਂ ਵਿਖੇ ਪਹੁੰਚ ਕੇ ਦਿੱਤਾ ਕਰੀਮਪੁਰੀ ਸਾਹਿਬ ਨੇ ਕਿਹਾ ਕਿ ਇਹ ਪਿੰਡ ਬਹੁਤ ਹੀ ਮਿਸ਼ਨਰੀ ਹੈ ਜਿਨ੍ਹਾਂ ਨੂੰ ਪਤਾ ਹੀ ਹੈ ਕਿ ਆਪਣੇ ਸਾਹਿਬ ਸ਼੍ਰੀ ਕਾਂਸ਼ੀ ਰਾਮ ਜੀ ਸਭ ਤੋਂ ਵੱਡੇ ਰਾਜਨੀਤਕ ਰਹਿਬਰ ਹੋਏ ਹਨ ਜਿਨ੍ਹਾਂ ਨੇ ਅਦਲਾ ਬਦਲੀ ਕਰਕੇ ਰੱਖ ਦਿੱਤੀ ਹੈ ਜਿਨ੍ਹਾਂ ਨੇ ਜੁੱਤੀਆਂ ਸੀਉਣ ਵਾਲੇ ਹੀ ਨਹੀਂ ਬੱਕਰੀਆਂ ਪਾਲਣ ਵਾਲੇ,ਕੂੜਾ ਸੁੱਟਣ ਵਾਲੇ,ਵਾਲ ਕੱਟਣ ਵਾਲੇ ਲੋਕਾ ਨੂੰ ਮਨਿਸਟਰ ਬਣਾ ਦਿੱਤਾ ਅਸਲ ਵਿੱਚ





ਬਾਬਾ ਸਾਹਿਬ ਡਾ ਅੰਬੇਡਕਰ ਜੀ ਦਾ ਦੂਸਰਾ ਰੂਪ ਹੀ ਸਨ। ਇਸ ਮੌਕੇ ਪਾਰਟੀ ਦੇ ਸਟੇਟ ਕੁਆਲੀਨੇਟਰ ਤੀਰਥ ਰਾਜਪੁਰਾ ਮਹਿਰਾ ਜੀ ਪਾਰਟੀ ਦੇ ਸਟੇਟ ਜਨਰਲ ਸੈਕਟਰੀ ਲਾਲਚੰਦ ਔਜਲਾ ਜੀ ਵਿਧਾਨ ਸਭਾ ਫਲੌਰ ਦੇ ਇੰਚਾਰਜ ਸਰਪੰਚ ਖੁਸ਼ੀ ਰਾਮ ਜੀ ਜਿਲਾ ਕੁਆਰਡੀਨੇਟਰ ਅਤੇ ਵਿਧਾਨ ਸਭਾ ਫਿਲੌਰ ਤੇ ਇੰਚਾਰਜ ਵਿਧਾਨ ਸਭਾ ਦੇ ਪ੍ਰਧਾਨ ਸੁਖਵਿੰਦਰ ਬਿੱਟੂ ਜੀ ਬਸਪਾ ਦੇ ਸੀਨੀਅਰ ਆਗੂ ਸੁਸ਼ੀਲ ਵਿਰਦੀ ਜੀ ਇਸ ਮੌਕੇ ਤੇ ਪਿੰਡ ਬਿਰਕਾਂ ਦੇ ਸਾਬਕਾ ਸਰਪੰਚ ਚੰਬਾ ਜੀ ਨੂੰ ਪਾਰਟੀ ਦਾ ਜਿਲਾ ਸਕੱਤਰ ਨਿਯੁਕਤ ਕੀਤਾ ਗਿਆ ਇਸ ਮੌਕੇ ਤੇ ਪਾਰਟੀ ਦੇ ਲੀਡਰ ਸਤਪਾਲ ਵਿਰਕ ਜੀ ਅਸ਼ੋਕ ਸੰਧੂ ਜੀ ਤੋਂ ਇਲਾਵਾ ਵੱਡੇ ਗਿਣਤੀ ਵਿੱਚ ਬਸਪਾ ਵਰਕਰ ਸਮਰਥਕ ਸੈਕਟਰ ਪ੍ਰਧਾਨ ਅਤੇ ਅਹੁਦੇਦਾਰ ਮੌਜੂਦ ਸਨ ।

# ਸਿੱਖਿਆ ਬਲਾਕ ਨਡਾਲਾ ਦੀਆਂ ਬਲਾਕ ਪੱਧਰੀ ਮਿੰਨੀ ਪ੍ਰਾਇਮਰੀ ਸਕੂਲ ਖੇਡਾਂ ਸ਼ਾਨੋ ਸ਼ੌਕਤ ਨਾਲ ਸਮਾਪਤ

**ਕਪੂਰਥਲਾ, ( ਵਿਸ਼ੇਸ਼ ਪ੍ਰਤੀਨਿਧ)-** ਬਲਾਕ ਨਡਾਲਾ ਦੀਆਂ ਬਲਾਕ ਪੱਧਰੀ ਦੋ ਰੋਜਾ ਮਿੰਨੀ ਪ੍ਰਾਇਮਰੀ ਸਕੂਲ ਖੇਡਾਂ ਸ਼ਾਨੋ ਸ਼ੌਕਤ ਨਾਲ ਸਰਕਾਰੀ ਪ੍ਰਾਇਮਰੀ ਸਕੂਲ ਹਮੀਰਾ ਵਿਖੇ ਸਮਾਪਤ ਹੋ ਗਈਆਂ। ਜ਼ਿਲ੍ਹਾ ਸਿੱਖਿਆ ਅਧਿਕਾਰੀ ਮਮਤਾ ਬਜਾਜ, ਉੱਪ ਜ਼ਿਲ੍ਹਾ ਸਿੱਖਿਆ ਅਧਿਕਾਰੀ ਡਾਕਟਰ ਬਲਵਿੰਦਰ ਸਿੰਘ ਬੱਟੂ, ਬਲਾਕ ਸਿੱਖਿਆ ਅਧਿਕਾਰੀ ਰਜੇਸ਼ ਕੁਮਾਰ ਦੀ ਅਗਵਾਈ ਤੇ ਸੈਂਟਰ ਹੈੱਡ ਟੀਚਰ ਜਸਪ੍ਰੀਤ ਕੌਰ ਦੀ ਦੇਖ ਰੇਖ ਵਿੱਚ ਕਰਵਾਈਆਂ ਇਹਨਾਂ ਖੇਡਾਂ ਵਿੱਚ ਪਹਿਲੀ ਤੋਂ ਪੰਜਵੀਂ ਤੱਕ ਦੇ ਬੱਚਿਆਂ ਵੱਲੋਂ ਕਬੱਡੀ, ਖੋ ਖੋ ,ਜਿਮਨਾਸਟਿਕ, ਯੋਗਾ, ਦੌੜਾ ,ਸ਼ਤਰੰਜ ਗੋਲਾ ਸੁੱਟਣਾ ,ਕੁਸ਼ਤੀਆਂ ਆਦਿ ਖੇਡਾਂ ਵਿੱਚ ਹਿੱਸਾ ਲਿਆ ਗਿਆ।

ਇਸ ਦੌਰਾਨ ਜੇਤੂ ਬੱਚਿਆਂ ਨੂੰ ਸਰਪੰਚ ਪਰਮਜੀਤ ਸਿੰਘ ਪੰਮਾ, ਸਰਪੰਚ ਸੁਰਜੀਤ ਕੌਰ, ਮਹਿੰਦਰ ਸਿੰਘ, ਸੰਤੋਖ ਸਿੰਘ ਬਾਜਵਾ, ਜ਼ਿਲ੍ਹਾ ਕੋਆਰਡੀਨੇਟਰ ਸਮਰੱਥ ਹਰਮਿੰਦਰ ਸਿੰਘ ਜੋਸਨ , ਜ਼ਿਲ੍ਹਾ ਖੇਡ ਕੋਆਰਡੀਨੇਟਰ ਲਕਸ਼ਦੀਪ ਸ਼ਰਮਾ, ਬੀ ਆਰ ਸੀ ਤਰਸੇਮ ਸਿੰਘ ਨਡਾਲਾ, ਸੈਂਟਰ ਹੈੱਡ ਟੀਚਰ ਹਰਪ੍ਰੀਤ ਸਿੰਘ ਸਾਂਝੇ ਤੌਰ ਤੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਤੇ ਬਲਜੀਤ ਸਿੰਘ ਜਸਪਿੰਦਰ ਸਿੰਘ, ਬਲਵਿੰਦਰ ਕੌਰ ,ਕਿਰਨ ਬਾਲਾ, ਹਰਜੀਤ ਕੌਰ, ਮਨੋਜ ਕੁਮਾਰ ਹੈੱਡ ਟੀਚਰ, ਸੁਖਪ੍ਰੀਤ ਕੌਰ, ਜਸਪਾਲ ਸਿੰਘ, ਚੰਦਨ ਕਾਲੀਆ ,ਗੁਰਵਿੰਦਰ ਕੌਰ, ਪਰਮਜੀਤ ਕੌਰ, ਵੀਨਾ ਕੁਮਾਰੀ, ਰਮਨਦੀਪ ਕੌਰ ,ਵਰਿੰਦਰ ਕੌਰ, ਸੁਖਬੀਰ ਕੌਰ, ਹਰਜੀਤ ਸਿੰਘ, ਦਵਿੰਦਰ ਕੁਮਾਰੀ, ਨੀਤੂ ਬਾਲਾ, ਕੋਮਲ ਜੋਤੀ ਆਦਿ ਨੇ ਅਹਿਮ ਭੂਮਿਕਾ ਨਿਭਾਈ। ਸਮਾਰੋਹ ਦੇ ਅੰਤ ਵਿੱਚ ਸੈਂਟਰ ਹੈਡ ਟੀਚਰ ਜਸਪ੍ਰੀਤ ਕੌਰ ਨੇ ਟੂਰਨਾਮੈਂਟ ਨੂੰ ਸਫਲ ਬਣਾਉਣ ਲਈ ਸਭ ਦਾ ਧੰਨਵਾਦ ਕੀਤਾ।



**ਸਿੱਖਿਆ ਬਲਾਕ ਨਡਾਲਾ ਦੀਆਂ ਬਲਾਕ ਪੱਧਰੀ ਮਿੰਨੀ ਪ੍ਰਾਇਮਰੀ ਸਕੂਲ ਖੇਡਾਂ ਦੌਰਾਨ ਜ਼ਿਲ੍ਹਾ ਕੋਆਰਡੀਨੇਟਰ ਸਮੱਰਥ ਹਰਮਿੰਦਰ ਸਿੰਘ ਜੋਸਨ ਨੂੰ ਸਨਮਾਨਿਤ ਕਰਦੇ ਹੋਏ ਜਸਪ੍ਰੀਤ ਕੌਰ ਸੈਂਟਰ ਹੈੱਡ ਟੀਚਰ,ਸਰਪੰਚ ਪਰਮਜੀਤ ਸਿੰਘ ਪੰਮਾ, ਸਰਪੰਚ ਸੁਰਜੀਤ ਕੌਰ, ਬੀ ਆਰ ਸੀ ਤਰਸੇਮ ਸਿੰਘ ਨਡਾਲਾ ਤੇ ਹੋਰ।**

The Samaj Weekly and people associated with it are not responsible for any claims made by the advisers and don't endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# ਅੱਜ ਪਿੰਡ ਵਿਖੇ ਜ਼ਿਲ੍ਹਾ ਪੱਧਰੀ ਵਿਦਿਆਰਥੀ ਵਿਗਾਨਿਕ ਗੋਸ਼ਟੀ ਕਰਵਾਈ ਗਈ

**ਬੰਗਾ (ਚਰਨਜੀਤ ਸੱਲ੍ਹਾਂ )** ਅੱਜ ਸਰਕਾਰੀ ਸੀਨੀਅਰ ਸੈਕੈਂਡਰੀ ਸਕੂਲ ਨੌਰਾ ਵਿਖੇ ਮਾਨਯੋਗ ਜਿਲ੍ਹਾ ਸਿੱਖਿਆ ਅਫਸਰ ਸ਼ਹੀਦ ਭਗਤ ਸਿੰਘ ਨਗਰ ਅਨੀਤਾ ਸ਼ਰਮਾ ਅਤੇ ਉਪ ਜਿਲਾ ਸਿੱਖਿਆ ਅਫਸਰ ਲਖਬੀਰ ਸਿੰਘ ਜੀ ਦੇ ਦਿਸ਼ਾ ਨੇ ਦੇਸ਼ਾਂ ਤਹਿਤ ਅਤੇ ਜਿਲਾ ਨੋਡਲ ਅਫਸਰ ਬਲਦੀਸ਼ ਲਾਲ ਜੀ ਦੀ ਅਗਵਾਈ ਹੇਠ ਜ਼ਿਲ੍ਹਾ ਪੱਧਰੀ ਵਿਦਿਆਰਥੀ ਵਿਗਿਆਨ ਗੋਸ਼ਟੀ ਕਰਵਾਈ ਗਈ ਇਸ ਗੋਸ਼ਟੀ ਵਿੱਚ ਐਸ ਓ ਈ ਨਵਾਂ ਸ਼ਹਿਰ ਦੀ ਵਿਦਿਆਰਥਣ ਜਸਨੀਤ ਕੌਰ ਨੇ ਪਹਿਲਾ ਸਥਾਨ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕੌਲਗੜ੍ਹ ਦੀ ਵਿਦਿਆਰਥੀਣ ਕਰਮਪ੍ਰੀ ਕੌਰ ਨੇ ਦੂਸਰਾ ਤੇ ਸਰਕਾਰੀ ਹਾਈ ਸਕੂਲ ਮੇਹਲੀ ਦੀ ਵਿਦਿਆਰਥਨ ਮੁਸਕਾਨ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ। ਇਨਾਮਾਂ ਦੀ ਵੰਡ ਮਾਨਯੋਗ ਉਪ ਜਿਲ੍ਹਾ ਸਿੱਖਿਆ ਅਫਸਰ ਲਖਬੀਰ ਸਿੰਘ ਦੁਆਰਾ ਆਪਣੇ



ਕਰ ਕਮਲਾ ਦੁਆਰਾ ਕੀਤੀ ਗਈ। ਇਸ ਸਮੇਂ ਨਿਰਮਲ ਸਿੰਘ ਨਵਾਂ ਗਰਾਂ ਹੈਡ ਮਾਸਟਰ ਪਰਵਿੰਦਰ ਸਿੰਘ ਭੰਗਲ ਸਕੂਲ ਮੁਖੀ ਰਵਿਤਾ ਢਿੱਲੋਂ ਅਤੇ ਸਹਾਇਕ ਨੋਡਲ ਅਫਸਰ ਸ੍ਰੀ ਜਸਵੀਰ ਚੰਦ ਜੀ ਸ਼ਾਮਲ ਸਨ। ਜੱਜ ਦੀ ਭੂਮਿਕਾ ਜਸਵੰਤ ਸਿੰਘ ਲੈਕਚਰਾਰ ਫਿਜਿਕਸ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕਰਨਾਣਾ, ਲੈਕਚਰਾਰ ਰਾਜਕੁਮਾਰ ਰਾਜਕੁਮਾਰ ਅਤੇ ਸਾਰੇ ਮਹਿਮਾਨਾਂ,ਗਾਈਡ ਅਧਿਆਪਕਾਂ ਅਤੇ ਬੱਚਿਆਂ ਦਾ ਧੰਨਵਾਦ ਕੀਤਾ।

# ਸਰਕਾਰੀ ਪ੍ਰਾਇਮਰੀ ਸਕੂਲ ਚੱਕ ਕਲਾਲ ਦਾ ਸਮਾਗਮ ਯਾਦਗਾਰੀ ਹੋ ਨਿਬੜਿਆ

## ਸ਼੍ਰੀ ਸੁਖਮਨੀ ਸਾਹਿਬ ਦੇ ਪਾਠ ਨਾਲ ਸ਼ੁਰੂ ਹੋਈਆਂ ਕਲਾਸਾਂ



ਪਿੰਡ ਕਲਾਲ ਵਿਖੇ ਸਕੂਲ ਦੇ ਨਵੀਨੀਕਰਣ ਉਪਰੰਤ ਪੜ੍ਹਾਈ ਸ਼ੁਰੂ ਹੋਣ ਮੌਕੇ ਕਰਵਾਏ ਸਮਾਗਮ ਦੀਆਂ ਤਸਵੀਰਾਂ।

**ਬੰਗਾ (ਚਰਨਜੀਤ ਸੱਲ੍ਹਾਂ )** ਸਰਕਾਰੀ ਪ੍ਰਾਇਮਰੀ ਸਕੂਲ ਚੱਕ ਕਲਾਲ ਦੀ ਇਮਾਰਤ ਦਾ ਨਵੀਨੀਕਰਣ ਕਰਕੇ ਖੂਬਸੂਰਤ ਰੂਪ ਦਿੱਤਾ ਗਿਆ ਹੈ। ਜਿਸ ਉਪਰੰਤ ਸ਼੍ਰੀ ਸੁਖਮਨੀ ਸਾਹਿਬ ਦੇ ਪਾਠ ਦੇ ਨਾਲ ਮੁੜ ਤੋਂ ਕਲਾਸਾਂ ਦੀ ਸ਼ੁਰੂਆਤ ਕੀਤੀ ਗਈ। ਇਸ ਮੌਕੇ ਆਯੋਜਿਤ ਸਮਾਗਮ ਨੂੰ ਸੰਬੋਧਨ ਕਰਦਿਆਂ ਅਰੁਣ ਕੁਮਾਰ ਘਈ ਐਨ.ਵਾਈ.ਏ., ਸੁਰਿੰਦਰ ਪਾਲ ਸਿੰਘ, ਹੰਸਰਾਜ ਨੰਬਰਦਾਰ, ਹਰਮੇਸ਼ ਸਿੰਘ ਨੇ ਸਮੂਹ ਸਕੂਲ ਸਟਾਫ ਅਤੇ ਵਿਦਿਆਰਥੀਆਂ ਨੂੰ ਸ਼ੁੱਭ ਇੱਛਾਵਾਂ ਦਿੰਦਿਆਂ ਕਿਹਾ ਕਿ ਸਰਕਾਰੀ ਸਕੂਲਾਂ 'ਚ ਪੜ੍ਹਦੇ ਵਿਦਿਆਰਥੀਆਂ ਨੂੰ ਵੀ ਪ੍ਰਾਈਵੇਟ ਸਕੂਲਾਂ ਦੀ ਤਰ੍ਹਾਂ ਖੂਬਸੂਰਤ ਵਾਤਾਵਰਣ, ਚੰਗਾ ਫਰਨੀਚਰ ਅਤੇ ਹੋਰ ਲੋੜੀਂਦੀਆਂ ਆਧੁਨਿਕ ਸਹੂਲਤਾਂ ਮਿਲਣੀਆਂ ਚਾਹੀਦੀਆਂ ਹਨ। ਇਸ ਲਿਹਾਜ ਦੇ ਨਾਲ ਦਾਨੀ ਸੱਜਣਾਂ ਵਲੋਂ ਇਹ ਬਹੁਤ ਵਧੀਆ ਉਪਰਾਲਾ ਕੀਤਾ ਗਿਆ ਹੈ। ਸਮਾਗਮ ਦੌਰਾਨ ਮਹਿਲਾਵਾਂ ਵਲੋਂ ਸਕੂਲ ਦੇ ਨਵੀਨੀਕਰਣ ਕਰਨ ਵਾਲੇ ਦਾਨੀ ਸੱਜਣਾਂ ਦੀਆਂ ਮਾਵਾਂ ਨੂੰ ਵਿਸ਼ੇਸ਼ ਤੌਰ ਤੇ ਸਨਮਾਨ ਕੀਤਾ ਗਿਆ। ਇਸ ਮੌਕੇ ਅਵਤਾਰ ਤਾਰਾ ਇਟਲੀ,ਮਹਿੰਦਰ ਜੱਸੀ,ਜਸਵਿੰਦਰ ਕੁਮਾਰ, ਕਮਲ ਇਟਲੀ, ਅਵਤਾਰ ਸਿੰਘ ਬਿੱਟੂ ਅਤੇ ਪਿੰਡ ਦੇ ਦਾਨੀਆਂ ਦਾ ਵਿਸ਼ੇਸ਼ ਜਿਕਰ ਕੀਤਾ ਗਿਆ ਇਸ ਤੋਂ ਇਲਾਵਾ ਸਕੂਲ ਨੂੰ ਖੂਬਸੂਰਤ ਦਿੱਖ ਪ੍ਰਦਾਨ ਕਰਨ ਵਾਲੇ ਮਿਹਨਤੀ ਮਜਦੂਰਾਂ ਅਤੇ ਕਾਰੀਗਰ ਮਿਸਤਰੀਆਂ ਜਸਵਿੰਦਰ ਕੁਮਾਰ ਸ਼ਿੰਦਾ, ਕਸ਼ਮੀਰ ਸ਼ੀਰੋ, ਹਰਜਿੰਦਰ ਕੁਮਾਰ, ਧਰਮਜੀਤ, ਰਾਜਕੁਮਾਰ, ਸਤਨਾਮ ਸਿੰਘ, ਅਮਰਜੀਤ ਪੱਪੂ, ਚਰਨਾ ਤੇ ਕਸ਼ਮੀਰ ਲਾਲ ਨੂੰ ਵੀ ਸਨਮਾਨਤ ਕੀਤਾ ਗਿਆ। ਸਮਾਗਮ ਦੇ ਮੁੱਖ ਆਯੋਜਕ ਅਵਤਾਰ ਸਿੰਘ ਬਿੱਟੂ ਪੰਚ ਨੇ ਸਾਰੇ ਪ੍ਰੋਜੈਕਟ ਦੌਰਾਨ ਆਈਆਂ ਮੁਸ਼ਕਿਲਾਂ ਤੇ ਮਿਲੇ ਸਹਿਯੋਗ ਦਾ ਜਿਕਰ ਕੀਤਾ। ਸੁਰਿੰਦਰ ਪਾਲ ਸਿੰਘ ਨੇ ਸ਼੍ਰੀ ਗੁਰੂ ਹਰਗੋਬਿੰਦ ਸੇਵਾ ਸੁਸਾਇਟੀ ਬੰਗਾ ਦੁਆਰਾ ਪਿੰਡ ਤੇ ਇਲਾਕਾ ਨਿਵਾਸੀਆਂ ਲਈ ਕੀਤੀਆਂ ਆਰਥਕ ਸੇਵਾਵਾਂ ਦਾ ਜਿਕਰ ਕੀਤਾ। ਸਕੂਲ ਦੇ ਮੁੱਖ ਅਧਿਆਪਕ ਜਸਬੀਰ ਸਿੰਘ ਨੇ ਹਾਜਰੀਨ ਦਾ ਧੰਨਵਾਦ ਕਰਦਿਆਂ ਕਿਹਾ ਕਿ ਸਕੂਲ ਨੂੰ ਵਿੱਦਿਆ ਦਾ ਮੰਦਿਰ ਕਿਹਾ ਜਾਂਦਾ ਹੈ। ਜਿੱਥੇ ਵਿੱਦਿਆਰਥੀਆਂ ਦੇ ਰੂਪ ਵਿੱਚ ਸਮਾਜ ਦੇ ਚੰਗੇ ਨਾਗਰਿਕਾਂ ਵਜੋਂ ਇਨਸਾਨ ਦੇ ਚਰਿੱਤਰ ਨਿਰਮਾਣ ਦੀ ਸ਼ੁਰੂਆਤ ਹੁੰਦੀ ਹੈ। ਸਟੇਜ ਦੀ ਸੇਵਾ ਬਾਖੂਬੀ ਸੰਭਾਲਦਿਆਂ ਕਲਮਕਾਰ ਆਰ.ਐਲ ਜੱਸੀ ਨੇ ਖੂਬਸੂਰਤ ਅੰਦਾਜ ਵਿੱਚ ਪਿੰਡ ਚੱਕ ਕਲਾਲ ਦੇ ਪਿਛੋਕੜ ਅਤੇ ਮਹਾਨਤਾ ਬਾਰੇ ਚਾਨਣਾ ਪਾਇਆ। ਉਹਨਾਂ ਨੇ ਪਿੰਡ ਦੀਆਂ ਉੱਘੀਆਂ ਸ਼ਖ਼ਸੀਅਤਾਂ ਦਾ ਜਿਕਰ ਕੀਤਾ ਅਤੇ ਸ਼ਾਇਰਾਨਾ ਅੰਦਾਜ 'ਚ ਸਮਾਗਮ ਦੀ ਤਾਜਗੀ ਨੂੰ ਕਾਇਮ ਰੱਖਿਆ। ਇਸ ਮੌਕੇ ਪਿੰਡ ਦੇ ਪਤਵੰਤੇ, ਪਰਸਨ, ਗੁਰਮੀਤ ਸਿੰਘ ਨੰਬਰਦਾਰ,ਅਮਰਜੀਤ ਪੱਪੂ, ਰਮਨ ਕੁਮਾਰ ਕੌਂਸਲਰ ਬੰਗਾ, ਗੁਰਮੁੱਖ ਸਿੰਘ ਗ੍ਰੰਥੀ, ਜਰਨੈਲ ਸਿੰਘ, ਮਾਸਟਰ ਕੁਲਦੀਪ, ਸੁਮਨ ਪੰਚ ਤੋਂ ਇਲਾਵਾ ਸਕੂਲ ਸਟਾਫ ਆਸ਼ਾ ਰਾਣੀ ਸੀ.ਐਚ.ਟੀ, ਨਰਿੰਦਰ ਕੌਰ, ਆਸ਼ਾ ਰਾਣੀ ਚੱਕ ਕਲਾਲ ਸਮੇਤ ਹੋਰ ਪਤਵੰਤੇ ਅਤੇ ਵਿਦਿਆਰਥੀਆਂ ਦੇ ਮਾਪੇ ਵੱਡੀ ਗਿਣਤੀ 'ਚ ਹਾਜਰ ਸਨ।

# ਤਖ਼ਤ ਬਲਦ ਦਿਓ ਤਾਜ ਬਦਲ ਦਿਓ ਰੈਲੀ ਨੂੰ ਕਾਮਯਾਬ ਕਰਨ ਲਈ 50 ਹਜ਼ਾਰ ਦੀ ਥੈਲੀ ਕਰੀਮਪੁਰੀ ਜੀ ਨੂੰ ਭੇਟ ਕੀਤੀ ਗਈ



**ਫਿਲੌਰ( ਚਰਨਜੀਤ ਸੱਲ੍ਹਾਂ )** 6 ਤਰੀਕ ਦਿਨ ਸੋਮਵਾਰ ਪ੍ਰਤਾਪਰਾ ਵਿਖੇ ਤਖਤ ਬਦਲ ਦਿਓ ਤਾਜ ਬਦਲ ਦਿਓ ਰੈਲੀ ਨੂੰ ਕਾਮਯਾਬ ਕਰਨ ਰੱਖੀ ਮੀਟੰਗ ਵਿੱਚ ਪਿੰਡ ਗੜ੍ਹਾ (ਫਿਲੌਰ ) BSP ਯੂਨਿਟ ਵਲੋ ਰਾਜਿੰਦਰ ਜੱਸੀ, ਬੁੱਧ ਪ੍ਰਕਾਸ਼, ਵਿਜੈ ਕੁਮਾਰ ਨਰ ਤੇ ਠੇਕੇਦਾਰ ਸੁਰਜੀਤ ਕੁਮਾਰ ਨੇ BSP ਪੰਜਾਬ ਦੇ ਪ੍ਰਧਾਨ ਡਾਕਟਰ ਅਵਤਾਰ ਸਿੰਘ ਕਰੀਮਪੁਰੀ ਜੀ ਨੂੰ 50 ਹਜਾਰ ਦੀ ਰਾਸ਼ੀ ਭੇਟ ਕੀਤੀ ਇਸ ਸਮੇਂ ਲਾਲ ਚੰਦ ਔਜਲਾ, ਤੀਰਥ ਰਾਜਪੁਰਾ, ਸਰਪੰਚ ਖੁਸ਼ੀ ਰਾਮ, ਤੇ ਪੱਤਰਕਾਰ ਇੰਦਰਜੀਤ ਚੰਦੜ੍ਹ ਸੁਸ਼ੀਲ ਵਿਰਦੀ, ਜਸਵਿੰਦਰ ਝੱਲੀ ਹਾਜਰ ਸਨ।

# ਵਿਧਵਾਵਾਂ ਤੇ ਬੇਘਰੇ ਔਰਤਾਂ ਦੀ ਆਰਥਿਕ ਮਦਦ ਲਈ ਪੰਜਾਬ ਸਰਕਾਰ ਵਚਨਬੱਧ - ਕਰਮਜੀਤ ਕੌਰ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਜ਼ਿਲ੍ਹਾ ਯੋਜਨਾ ਕਮੇਟੀ ਦੀ ਚੇਅਰਪਰਸਨ ਕਰਮਜੀਤ ਕੌਰ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸਮਾਜ ਦੇ ਕਮਜ਼ੋਰ ਵਰਗਾਂ ਦੀ ਭਲਾਈ ਲਈ ਲਗਾਤਾਰ ਕੰਮ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਵਿਧਵਾਵਾਂ ਅਤੇ ਬੇਘਰੇ ਔਰਤਾਂ ਨੂੰ ਆਰਥਿਕ ਰੂਪ ਨਾਲ ਸਮਰੱਥ ਬਣਾਉਣ ਦੇ ਉਦੇਸ਼ ਨਾਲ ਪੰਜਾਬ ਸਰਕਾਰ ਨੇ ਵਿਤੀ ਸਾਲ 2025-26 ਲਈ ਵਿਸ਼ੇਸ਼ ਸਹਾਇਤਾ ਯੋਜਨਾ ਦਾ ਐਲਾਨ ਕੀਤਾ ਹੈ।



ਕਰਮਜੀਤ ਕੌਰ ਨੇ ਦੱਸਿਆ ਕਿ ਇਸ ਯੋਜਨਾ ਤਹਿਤ ਕੁੱਲ 1170 ਕਰੋੜ ਰੁਪਏ ਦਾ ਬਜ਼ਟ ਨਿਰਧਾਰਤ ਕੀਤਾ ਗਿਆ ਹੈ। ਅਗਸਤ ਮਹੀਨੇ ਤੱਕ ਲਗਭਗ 6.66 ਲੱਖ ਔਰਤਾਂ ਨੂੰ 593.14 ਕਰੋੜ ਰੁਪਏ ਦੀ ਆਰਥਿਕ ਸਹਾਇਤਾ ਜਾਰੀ ਕੀਤੀ ਜਾ ਚੁੱਕੀ ਹੈ। ਉਨ੍ਹਾਂ ਕਿਹਾ ਕਿ ਇਹ ਯੋਜਨਾ ਨਾ ਕੇਵਲ ਔਰਤਾਂ ਨੂੰ ਆਰਥਿਕ ਪੱਖੋਂ ਸੁਰੱਖਿਆ ਪ੍ਰਦਾਨ ਕਰੇਗੀ ਬਲਕਿ ਉਨ੍ਹਾਂ ਨੂੰ ਆਤਮਨਿਰਭਰ ਅਤੇ ਸਨਮਾਨਜਨਕ ਜੀਵਨ ਜਿਊਣ ਲਈ ਪ੍ਰੇਰਿਤ ਵੀ ਕਰੇਗੀ।

ਚੇਅਰਪਰਸਨ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਸੰਵੇਦਨਸ਼ੀਲ ਸੋਚ ਅਤੇ ਸਮਾਜ ਦੇ ਹਰ ਵਰਗ ਦੇ ਵਿਕਾਸ ਪ੍ਰਤੀ ਸਮਰਪਣ ਨੇ ਪੰਜਾਬ ਨੂੰ ਇਕ ਨਵੀਂ ਦਿਸ਼ਾ ਦਿੱਤੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਦਾ ਮੁੱਖ ਟੀਚਾ ਵਿਧਵਾਵਾਂ ਅਤੇ ਬੇਘਰੇ ਔਰਤਾਂ ਨੂੰ ਆਤਮ ਨਿਰਭਰ ਬਣਾ ਕੇ ਸਮਾਜ ਦੀ ਮੁੱਖ ਧਾਰਾ ਵਿਚ ਸ਼ਾਮਲ ਕਰਨਾ ਹੈ।

ਚੇਅਰਪਰਸਨ ਕਰਮਜੀਤ ਕੌਰ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਇਸ ਸਰਾਹਨਾਯੋਗ ਪਹਿਲ ਲਈ ਹਾਰਦਿਕ ਧੰਨਵਾਦ ਪ੍ਰਗਟ ਕੀਤਾ ਅਤੇ ਕਿਹਾ ਕਿ ਜ਼ਿਲ੍ਹਾ ਪੱਧਰ 'ਤੇ ਵੀ ਇਸ ਯੋਜਨਾ ਨੂੰ ਪ੍ਰਭਾਵੀ ਢੰਗ ਨਾਲ ਲਾਗੂ ਕਰਨ ਲਈ ਹਰ ਸੰਭਵ ਕਦਮ ਉਠਾਏ ਜਾਣਗੇ ਤਾਂ ਜੋ ਯੋਗ ਲਾਭਪਾਤਰੀਆਂ ਤੱਕ ਸਹਾਇਤਾ ਜਲਦ ਪਹੁੰਚੇ।


# ਪੰਜਾਬ ਗੌਰਮਿੰਟ ਪੈਨਸ਼ਨਰਜ਼ ਐਸੋਸੀਏਸ਼ਨ ਕਪੂਰਥਲਾ ਦੀ ਮਹੀਨਾਵਾਰ ਮੀਟਿੰਗ ਆਯੋਜਿਤ

## ਕੈਬਨਟ ਮੰਤਰੀ ਮਹਿੰਦਰ ਭਗਤ ਨੂੰ ਮੰਗ ਪੱਤਰ ਦੇਣ ਲਈ ਜਿਲੇ ਚੋਂ ਵੱਡੀ ਗਿਣਤੀ ਵਿੱਚ ਸ਼ਾਮਿਲ ਹੋਣਗੇ ਪੈਨਸ਼ਨਰ -ਸੁੱਚਾ ਸਿੰਘ



**ਕਪੂਰਥਲਾ, ( ਕੌੜਾ )**- ਪੰਜਾਬ ਗੌਰਮਿੰਟ ਪੈਨਸ਼ਨਰ ਐਸੋਸੀਏਸ਼ਨ ਪੰਜਾਬ ਕਪੂਰਥਲਾ ਜ਼ਿਲ੍ਹਾ ਕਪੂਰਥਲਾ ਦੀ ਮਹੀਨਾਵਾਰ ਮੀਟਿੰਗ ਜ਼ਿਲ੍ਹਾ ਪ੍ਰਧਾਨ ਸੁੱਚਾ ਸਿੰਘ ਅਤੇ ਜ਼ਿਲ੍ਹਾ ਜਨਰਲ ਸਕੱਤਰ ਗੁਰਦੀਪ ਸਿੰਘ ਦੀ ਅਗਵਾਈ ਵਿੱਚ ਹੋਈ ਮੀਟਿੰਗ ਵਿੱਚ ਸਭ ਤੋਂ ਪਹਿਲਾਂ ਕੈਪਟਨ ਰਜਿੰਦਰ ਸਿੰਘ ਪ੍ਰਿੰਸੀਪਲ ਦੇ ਦੇਹਾਂ ਤੇ ਦੁੱਖ ਦਾ ਇਜਹਾਰ ਕੀਤਾ ਗਿਆ ਅਤੇ ਉਹਨਾਂ ਨੂੰ ਸ਼ਰਧਾਂਜਲੀ ਭੇਂਟ ਕੀਤੀ ਗਈ । ਇਸ ਉਪਰੰਤ ਸਰਬ ਸੰਮਤੀ ਨਾਲ ਮਤਾ ਪਾਸ ਕੀਤਾ ਗਿਆ ਕਿ ਸੂਬਾ ਕਮੇਟੀ ਦੇ ਫੈਸਲੇ ਮੁਤਾਬਕ ਜਲੰਧਰ ਵਿਖੇ ਪੰਜਾਬ ਦੇ ਕੈਬਨਟ ਮੰਤਰੀ ਮਹਿੰਦਰ ਭਗਤ ਨੂੰ ਮੰਗ ਪੱਤਰ ਦੇਣ ਲਈ ਕਪੂਰਥਲਾ ਤੋਂ ਵੱਡੀ ਗਿਣਤੀ ਵਿੱਚ ਪੈਨਸ਼ਨਰਜ਼ ਸ਼ਾਮਿਲ ਹੋਣਗੇ। ਮੀਟਿੰਗ ਵਿੱਚ ਪੰਜਾਬ ਸਰਕਾਰ ਵੱਲੋਂ ਮੁਲਾਜ਼ਮ ਅਤੇ ਪੈਨਸ਼ਨਰਜ ਦੀਆਂ ਮੰਗਾਂ ਪ੍ਰਤੀ ਜਾਰੀ ਚੁੱਪ ਤੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਵਿੱਚ ਭਾਰੀ ਗੁੱਸੇ ਦਾ ਇਜਹਾਰ ਕੀਤਾ ਗਿਆ। ਮੁੱਖ ਮੰਗਾਂ ਜਿਨ੍ਹਾਂ ਵਿੱਚ ਇੱਕ ਇੱਕ 1-1-16 ਤੋਂ ਪਹਿਲਾਂ ਸੇਵਾ ਮੁਕਤ ਹੋਏ ਕਰਮਚਾਰੀਆਂ ਦੀ 2.59 ਗੁਨਾਕ ਨਾਲ ਪੈਨਸ਼ਨ ਸੁਧਾਈ, ਡੀਏ ਦਾ ਹੁਣ ਤੱਕ ਬਣਦਾ 16% ਦਾ ਘੱਟ ਦੇਣਾ, ਕੱਚੇ ਕਰਮਚਾਰੀਆਂ ਨੂੰ ਪੱਕੇ ਨਾ ਕਰਨਾ, ਰੋਕੇ ਗਏ ਭੱਤੇ ਬਹਾਲ ਨਾ ਕਰਨਾ, ਪੁਰਾਣੀ ਪੈਨਸ਼ਨ ਦੀ ਬਹਾਲੀ ਨਾ ਕਰਨਾ, ਫਿਕਸ ਮੈਡੀਕਲ ਭੱਤਾ ਘੱਟੋ ਘੱਟ 2000 ਨਾ ਕਰਨਾ, ਮੈਡੀਕਲ ਬਿੱਲਾਂ ਦਾ ਨਿਪਟਾਰਾ ਤੁਰੰਤ ਨਾ ਕਰਨਾ ਅਤੇ ਖਜ਼ਾਨੇ ਤੇ ਅਣ ਐਲਾਨੀਆਂ ਰੋਕਾਂ ਲਾ ਕੇ ਮੈਡੀਕਲ ਬਿੱਲਾ ਆਦ ਨੂੰ ਰੋਕਣਾ ਅਤੇ ਮਿਡ ਡੇ ਮੀਲ ਕਰਮਚਾਰੀਆਂ ਨੂੰ ਯੋਗ ਤਨਖਾਹ ਆਦਿ ਨਾ ਦੇਣਾ ਹਨ । ਮੀਟਿੰਗ ਵਿੱਚ ਜ਼ਿਲ੍ਹਾ ਵਿੱਤ ਸਕੱਤਰ ਜਗਜੀਤ ਸਿੰਘ ਨੇ ਫਲਾਡਰਲੀ ਫੰਡਾਂ ਵਿੱਚ ਜ਼ਿਲ੍ਹੇ ਵੱਲੋਂ ਇਕੱਤਰ ਹੋਈ ਰਾਸ਼ੀ ਬਾਰੇ ਵੇਰਵੇ ਸਾਂਝੇ ਕੀਤੇ ਤੇ ਹੋਰ ਸਾਥੀਆਂ ਨੂੰ ਵੀ ਬੇਨਤੀ ਕੀਤੀ ਕਿ ਫੰਡ ਵਿੱਚ ਦਿਲ ਖੋਲ ਕੇ ਸਹਾਇਤਾ ਰਾਸ਼ੀ ਦਿੱਤੀ ਜਾਵੇ। ਮੀਟਿੰਗ ਵਿੱਚ ਇਹ ਵੀ ਫੈਸਲਾ ਹੋਇਆ ਕਿ ਹੁਣ ਅੱਗੇ ਤੋਂ ਜ਼ਿਲ੍ਹੇ ਦੀ ਮਹੀਨਾ ਵਾਰ ਮੀਟਿੰਗ ਹਰ ਮਹੀਨੇ ਦੀ 5 ਤਰੀਕ ਨੂੰ ਹੀ ਹੋਇਆ ਕਰੇਗੀ ਜਿਸ ਵਿੱਚ ਜ਼ਿਲ੍ਹੇ ਪੈਨਸ਼ਨਰ ਵੱਡੀ ਵੱਧ ਤੋਂ ਵੱਧ ਗਿਣਤੀ ਵਿੱਚ ਸ਼ਾਮਿਲ ਹੋਣ। ਮੀਟਿੰਗ ਵਿੱਚ ਮੁੱਖ ਤੌਰ ਤੇ ਵਿਨੋਦ ਕਪੂਰ, ਸੁਖਵਿੰਦਰ ਸਿੰਘ ਚੀਮਾ, ਜਗਜੀਤ ਸਿੰਘ, ਦਲੀਪ ਸਿੰਘ, ਗੁਰਦਿਆਲ ਸਿੰਘ, ਗੁਰਚਰਨ ਸਿੰਘ ਘੁੰਮਣ ,ਗੁਰਬਚਨ ਸਿੰਘ ਚੀਮਾ, ਜਸਵੰਤ ਸਿੰਘ ਵਿਰਦੀ, ਹਰਵਿੰਦਰ ਸਿੰਘ ਚੀਮਾ ,ਤਰਲੋਕ ਮੱਲ੍ਹੀ,ਸਾਧੂ ਸਿੰਘ ਬਿਧੀਪੁਰ, ਗੁਰਦੇਵ ਸਿੰਘ ਹਾਜ਼ਰ ਸਨ।

# ਓਮੈਕਸ ਨੇ ਲੁਧਿਆਣਾ ਨੂੰ ਇਲੈਕਟ੍ਰੀਫਾਈ ਕਰਨ ਵਾਲੇ ਬੈਂਗਰ ਅਰੇਨਾ - ਹੈਲੋਵੀਨ ਐਡੀਸ਼ਨ ਨਾਲ ਰੌਸ਼ਨ ਕੀਤਾ; ਓਮੈਕਸ ਸਾਊਥ ਸਿਟੀ ਵਿਖੇ 12000 ਤੋਂ ਵੱਧ ਲੋਕ ਇਕੱਠੇ ਹੋਏ





**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਪ੍ਰਮੁੱਖ ਰਿਐਲਟੀ ਪਲੇਅਰ, ਓਮੈਕਸ ਗਰੁੱਪ, ਨੇ ਓਮੈਕਸ, ਕੈਨਾਲ ਰੋਡ, ਸਾਊਥ ਸਿਟੀ, ਲੁਧਿਆਣਾ ਵਿਖੇ ਬੈਂਗਰ ਅਰੇਨਾ - ਹੈਲੋਵੀਨ ਐਡੀਸ਼ਨ ਦੀ ਮੇਜ਼ਬਾਨੀ ਕੀਤੀ। ਇਸ ਪ੍ਰੋਗਰਾਮ ਵਿੱਚ 12000 ਹਾਜ਼ਰੀਨ ਦੀ ਭਾਰੀ ਭੀੜ ਦੇਖਣ ਨੂੰ ਮਿਲੀ, ਜਿਸ ਨਾਲ ਸੰਗੀਤ, ਜੀਵਨ ਸ਼ੈਲੀ ਅਤੇ ਮਨੋਰੰਜਨ ਇੱਕ ਸ਼ਾਨਦਾਰ ਸਟੇਜ 'ਤੇ ਇਕੱਠੇ ਹੋਏ, ਅਤੇ ਇਸ ਨੂੰ ਸ਼ਹਿਰ ਲਈ ਸਭ ਤੋਂ ਯਾਦਗਾਰੀ ਰਾਤਾਂ ਵਿੱਚੋਂ ਇੱਕ ਬਣਾਇਆ। ਸ਼ਾਮ ਤਲਵਿੰਦਰ ਫੁੱਟ ਐਨਡੀਐਸ ਦੁਆਰਾ ਇੱਕ ਸ਼ਕਤੀਸ਼ਾਲੀ ਪ੍ਰਦਰਸ਼ਨ ਲੈ ਕੇ ਆਈ, ਜਿਸ ਵਿੱਚ ਟ੍ਰਿਕਸਿੰਘ, ਬਾਗੀ ਮੁੰਡਾ, ਜਸਕਰਨ, ਡੀਓਐਕਸ, ਖੈਬਰ 13, ਤੂਰ, ਪ੍ਰਤਿਸ਼ਖ, ਮੈਡੈਕਸ, ਪ੍ਰਿਯਾਂਕ, ਆਰੀਅਨ ਬੀ2ਬੀ ਆਯੁਸ਼, ਅਤੇ ਹੋਰਾਂ ਸਮੇਤ ਪ੍ਰਭਾਵਸ਼ਾਲੀ ਲਾਈਨਅੱਪ ਦੁਆਰਾ ਸਮਰਥਿਤ ਕੀਤਾ ਗਿਆ। ਇਸ ਪ੍ਰੋਗਰਾਮ ਦੀ ਮੇਜ਼ਬਾਨੀ ਪ੍ਰੀਤੀਸ਼ ਨਰੂਲਾ ਦੁਆਰਾ ਕੀਤੀ ਗਈ ਸੀ, ਜਿਸਨੇ ਦਰਸ਼ਕਾਂ ਨੂੰ ਰਾਤ ਭਰ ਰੁਝੇ ਅਤੇ ਊਰਜਾਵਾਨ ਰੱਖਿਆ। ਹੈਲੋਵੀਨ-ਥੀਮ ਵਾਲੇ ਸੰਗੀਤ ਉਤਸਵ ਵਿੱਚ 50+ ਪੌਪ-ਅੱਪ, ਗੇਮਿੰਗ ਜ਼ੋਨ, ਫਰਾਟਆਉਟ ਅਖਾੜਾ, ਕਾਮੇਡੀ ਐਕਟ, ਅਤੇ ਜੀਵਨ ਸ਼ੈਲੀ ਦੇ ਪ੍ਰਦਰਸ਼ਨ ਵੀ ਸ਼ਾਮਲ ਸਨ, ਜਿਸ ਨਾਲ ਹਾਜ਼ਰੀਨ ਲਈ ਇੱਕ ਇਮ-ਰਸਿਵ ਮਾਹੌਲ ਬਣਿਆ। ਓਮੈਕਸ ਗਰੁੱਪ ਦੇ ਕਾਰਜਕਾਰੀ ਨਿਰਦੇਸ਼ਕ ਜਤਿਨ ਗੋਇਲ ਨੇ ਕਿਹਾ, "ਬੰਗਰ ਅਖਾੜਾ - ਹੈਲੋਵੀਨ ਐਡੀਸ਼ਨ ਨੂੰ ਮਿਲਿਆ ਹੁੰਗਾਰਾ ਸੱਚਮੁੱਚ ਬਹੁਤ ਵਧੀਆ ਰਿਹਾ ਹੈ, ਅਤੇ ਅਸੀਂ ਲੁਧਿਆਣਾ ਨੂੰ ਇਸ ਨੂੰ ਇੰਨੇ ਉਤਸ਼ਾਹ ਨਾਲ ਅਪਣਾਉਂਦੇ ਦੇਖ ਕੇ ਖੁਸ਼ ਹਾਂ। ਓਮੈਕਸ ਵਿਖੇ, ਅਸੀਂ ਹਮੇਸ਼ਾਂ ਉਹ ਥਾਂਵਾਂ ਬਣਾਉਣ ਵਿੱਚ ਵਿਸ਼ਵਾਸ ਰੱਖਦੇ ਹਾਂ ਜਿੱਥੇ ਨਿਵਾਸੀ ਸਭ ਤੋਂ ਵਧੀਆ ਅਨੁਭਵਾਂ ਦਾ ਆਨੰਦ ਮਾਣ ਸਕਣ। ਇਹ ਸਮਾਗਮ ਉਸ ਦ੍ਰਿਸ਼ਟੀਕੋਣ ਦਾ ਪ੍ਰਤੀਬਿੰਬ ਹੈ, ਸੰਗੀਤ, ਜੀਵਨ ਸ਼ੈਲੀ ਅਤੇ ਮਨੋਰੰਜਨ ਨੂੰ ਇੱਕ ਅਜਿਹੇ ਜਸ਼ਨ ਵਿੱਚ ਮਿਲਾਉਂਦਾ ਹੈ ਜਿਸ ਨੂੰ ਲੋਕ ਯਾਦ ਰੱਖਣਗੇ। ਅਜਿਹੀ ਭਾਰੀ ਭਾਗੀਦਾਰੀ ਸਾਨੂੰ ਵਿਲੱਖਣ ਅਨੁਭਵਾਂ ਨੂੰ ਤਿਆਰ ਕਰਨ ਲਈ ਉਤਸ਼ਾਹਿਤ ਕਰਦੀ ਹੈ ਜੋ ਲੋਕਾਂ ਨੂੰ ਇਕੱਠੇ ਲਿਆਉਂਦੇ ਹਨ ਅਤੇ ਸਾਡੇ ਵਿਕਾਸ ਦੇ ਸੱਭਿਆਚਾਰਕ ਤਾਣੇ-ਬਾਣੇ ਨੂੰ ਅਮੀਰ ਬਣਾਉਂਦੇ ਹਨ।" ਬੰਗਰ ਅਖਾੜਾ ਦੇ ਨਾਲ, ਓਮੈਕਸ ਗਰੁੱਪ ਨੇ ਲੁਧਿਆਣਾ ਦੇ ਮਨੋਰੰਜਨ ਦ੍ਰਿਸ਼ ਨੂੰ ਉੱਚਾ ਚੁੱਕਿਆ ਹੈ, ਓਮੈਕਸ ਸਾਊਥ ਸਿਟੀ ਨੂੰ ਭਾਈਚਾਰਕ ਸ਼ਮੂਲੀਅਤ, ਜੀਵਨ ਸ਼ੈਲੀ ਅਤੇ ਸੱਭਿਆਚਾਰਕ ਜਸ਼ਨ ਲਈ ਇੱਕ ਹੱਬ ਵਜੋਂ ਸਥਾਪਿਤ ਕੀਤਾ ਹੈ।

# ਤਰਕਸ਼ੀਲ ਨਜ਼ਰੀਏ ਅਨੁਸਾਰ ਕੀਤਾ ਧੀ ਮਨਦੀਪ ਦਾ ਵਿਆਹ

## ਰਵਾਇਤੀ ਜਸ਼ਨਾਂ ਦੀ ਥਾਵੇਂ ਤਰਕਸ਼ੀਲ ਜਾਦੂ ਸ਼ੋਅ ਅਤੇ ਕੋਰਿਓਗ੍ਰਾਫੀ ਬਣੇ ਖਿੱਚ ਦਾ ਕੇਂਦਰ

**ਰੋਪੜ, (ਰੋਮੀ ਘੜਾਮਾਂ):** ਇੱਥੋਂ ਨੇੜਲੇ ਪਿੰਡ: ਮਾਜਰੀ ਠੇਕੇਦਾਰਾਂ ਵਿਖੇ ਤਰਕਸ਼ੀਲ ਆਗੂ ਜਸਪਾਲ ਮਾਜਰੀ ਅਤੇ ਉਹਨਾਂ ਦੇ ਪਰਿਵਾਰ ਨੇ ਰਵਾਇਤੀ ਜਸ਼ਨਾਂ ਦੇ ਬਦਲ ਵਜੋਂ ਧੀ ਰਾਣੀ ਮਨਦੀਪ ਕੌਰ ਦੇ ਵਿਆਹ (ਮੇਲ਼) ਮੌਕੇ ਤਰਕਸ਼ੀਲ ਨਜ਼ਰੀਏ ਅਨੁਸਾਰ ਵਿਗਿਆਨਕ ਪ੍ਰੋਗਰਾਮ ਕਰਵਾਇਆ। ਜਿਸ ਦੌਰਾਨ ਇਕਾਈ ਰੋਪੜ ਦੇ ਸੱਭਿਆਚਾਰਕ ਵਿਭਾਗ ਮੁਖੀ ਹਰਨੇਕ ਚੱਕ ਕਰਮਾਂ ਅਤੇ ਜਥੇਬੰਦਕ ਮੁਖੀ ਅਸ਼ੋਕ ਕੁਮਾਰ ਨੇ ਕਿਹਾ ਕਿ ਸਦੀਆਂ ਪੁਰਾਣੇ ਰਸਮੋ-ਰਿਵਾਜ਼, ਜਿਨ੍ਹਾਂ ਦਾ ਮਨੁੱਖੀ ਜ਼ਿੰਦਗੀ ਨਾਲ ਕੋਈ ਵਾਹ ਵਾਸਤਾ ਨਹੀ ਹੈ, ਨੂੰ ਬਿਨਾ ਸੋਚੇ ਸਮਝੇ/ਅੱਖਾਂ ਬੰਦ ਕਰਕੇ ਅਪਣਾਈ ਜਾਣਾ ਸਿਆਣਪ ਨਹੀ ਹੈ। ਮਾਨਸਿਕ ਵਿਭਾਗ ਮੁਖੀ ਅਮਰਨਾਥ ਨੇ ਪਾਖੰਡੀ ਸਾਧਾਂ ਸੰਤਾ ਵੱਲੋ ਝੂਠੇ ਨਰਕ ਸਵਰਗ ਦੇ ਸੋਹਲੇ ਸੁਣਾਕੇ ਲੋਕਾਂ ਨੂੰ ਮੱਕੜਜਾਲ ਵਿੱਚ ਫਸਾ ਕੇ ਇਨਸਾਨ ਦੀ ਸੋਚਣ ਸਕਤੀ ਨੂੰ ਖੋਖਲਾ ਕਰਨ ਪ੍ਰੀ



ਸੁਚੇਤ ਕੀਤਾ। ਉਨ੍ਹਾਂ ਕਿਹਾ ਕਿ ਅੱਜ ਸਮਾਂ ਮੰਗ ਕਰਦਾ ਹੈ ਕਿ ਸਮੇ ਦੇ ਹਾਣੀ ਬਣੋ, ਚੰਗਾ ਸਹਿਤ ਪੜ੍ਹੋ, ਤਰਕਸ਼ੀਲ ਨਜ਼ਰੀਏ ਅਨੁਸਾਰ ਬਿਨਾਂ ਕਿਸੇ ਡਰ ਤੋ ਜ਼ਿੰਦਗੀ ਦਾ ਆਨੰਦ ਮਾਣੋ। ਪ੍ਰਸਿੱਧ ਤਰਕਸ਼ੀਲ ਜਾਦੂਗਰ ਜਗਦੇਵ ਕੰਮੋਮਾਜਰਾ ਵੱਲੋ ਜਾਦੂ ਦੇ ਬਾਕਮਾਲ ਟ੍ਰਿਕ ਪੇਸ਼ ਕੀਤੇ ਗਏ। ਜਿੰਨ੍ਹਾਂ ਦਾ ਦਰਸ਼ਕਾਂ ਨੇ ਖੂਬ ਉਤ-ਸੁਕਤਾ ਨਾਲ਼ ਆਨੰਦ ਮਾਣਿਆ। ਸੋਨਮ ਪ੍ਰੀਤ ਕੌਰ ਵੱਲੋ ਕੋਰੀਓਗ੍ਰਾਫੀ ਪੇਸ਼ ਕੀਤੀ ਅਤੇ ਨੰਨ੍ਹੀ ਬੱਚੀ ਜਸਪ੍ਰੀਤ ਕੌਰ ਨੇ 'ਧੀਆਂ ਹੁੰਦੀਆ ਵੇ ਬਾਬਲਾ ਪਰਾਈਆਂ' ਨਾਲ਼ ਮਾਹੌਲ ਭਾਵੁਕ ਕਰ ਦਿੱਤਾ। ਲਾੜੀ ਮਨਦੀਪ ਕੌਰ ਨੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਮੈਨੂੰ ਆਪਣੇ ਮਾਂ-ਬਾਪ ਉੱਤੇ ਬਹੁਤ ਜਿਆਦਾ ਮਾਣ ਹੈ। ਜਿਨ੍ਹਾਂ ਦੀ ਤਰਕਸ਼ੀਲ ਸੋਚ ਬਦੌਲਤ ਸਮਾਜ ਵਿੱਚ ਅਸੀ ਸਿਰ ਉੱਚਾ ਕਰਕੇ ਤੁਰਨ ਦੇ ਕਾਬਲ ਹੋਏ। ਜਸਪਾਲ ਮਾਜਰੀ ਨੇ ਹਾਜ਼ਰ ਪਿੰਡ ਵਾਸੀਆਂ, ਰਿਸ਼ਤੇਦਾਰਾ ਦਾ ਧੰਨਵਾਦ ਕੀਤਾ। ਇਸ ਮੌਕੇ ਤਰਕਸ਼ੀਲ ਕਾਰਕੁੰਨ ਪਵਨ ਰੱਤੋ ਅਤੇ ਹੋਰ ਮੋਹਤਬਰ ਸੱਜਣ ਹਾਜ਼ਰ ਸਨ।

# ਐਡੀਲੇਡ ਸੰਗਤ ਵੱਲੋਂ ਫੰਡਰੇਜ਼ਿੰਗ ਡਿਨਰ ਰਾਹੀਂ ਭਾਈਚਾਰੇ ਦੀ ਨਿਭਾਈ ਜਿੰਮੇਵਾਰੀ ਸੇਵਾ ਦੀ ਮਿਸਾਲ ਬਣੀ

**ਐਡੀਲੇਡ (ਹਰਜਿੰਦਰ ਪਾਲ ਛਾਬੜਾ)** ਆਸਟ੍ਰੇਲੀਆ — ਭਾਈਚਾਰੇ ਦੀ ਭਲਾਈ ਲਈ ਹਮੇਸ਼ਾ ਤਤਪਰ ਰਹਿ ਰਹੀ ਸੰਸਥਾ ਐਡੀਲੇਡ ਸੰਗਤ ਵੱਲੋਂ ਸਥਾਨਕ ਓਮਨੀ ਹਾਲ ਵਿਚ 'ਫੰਡਰੇਜ਼ਿੰਗ ਡਿਨਰ' ਦਾ ਆਯੋਜਨ ਕੀਤਾ ਗਿਆ। ਇਸ ਸਮਾਗਮ ਦਾ ਉਦੇਸ਼ ਭਾਈਚਾਰੇ ਵਿਚ ਚੱਲ ਰਹੀਆਂ ਸੇਵਾਵਾਂ ਲਈ ਅਰਥਕ ਮਦਦ ਇਕੱਠੀ ਕਰਨੀ ਸੀ।

ਇਸ ਸਮਾਗਮ ਵਿਚ ਚਾਈਲਡ ਪ੍ਰੋਟੈਕਸ਼ਨ ਵਿਭਾਗ ਤੋਂ ਨਾਗੀਤਾ ਕਾਗਵਾ, ਪੀਟਰ ਐਲਬਰਗ ਫ਼ਿਊਨਰਲਜ਼ ਤੋਂ ਡੋਨਾਟਾ ਕਲੀਮੇਟੀਅਨੋਜ਼, ਮਲਟੀਕਮਿਸ਼ਨ ਚੇਅਰਪਰਸਨ ਲੂਈਸਾ ਗ੍ਰੀਕੋ, ਸੂਬੇ ਦੇ ਸੰਸਦ ਮੈਂਬਰ ਮਾਈਕਲ ਬਰਾਊਨ, ਡਾ. ਤੇਜਿੰਦਰ ਸਿੰਘ, ਰਿਵਰਲੈਂਡ ਤੋਂ ਰਵਿੰਦਰ ਸਿੰਘ ਅਤੇ ਮਿੰਟੂ ਬਰਾੜ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ। ਇਸ ਦੌਰਾਨ ਮੰਚ ਸਚਾਲਨ ਸੋਫ਼ੀਆ ਅਨੇਜਾ ਅਤੇ ਸਤਵੰਤ ਸਿੰਘ ਵੱਲੋਂ ਦੋ ਭਾਸ਼ਾਵਾਂ—ਅੰਗਰੇਜ਼ੀ ਅਤੇ ਪੰਜਾਬੀ ਵਿੱਚ—ਕੀਤਾ ਗਿਆ। ਸੰਸਥਾ ਦੇ ਨੁਮਾਇੰਦੇ ਸੁਚੇਤ ਸਿੰਘ ਨੇ ਮਹਿਮਾਨਾਂ ਦਾ ਸਵਾਗਤ ਕਰਦਿਆਂ ਉਨ੍ਹਾਂ ਦੇ ਆਉਣ ਲਈ ਧੰਨਵਾਦ ਪ੍ਰਗਟਾਇਆ। ਰਿਸ਼ੀ ਗੁਲਾਟੀ ਨੇ ਐਡੀਲੇਡ ਸੰਗਤ ਵੱਲੋਂ ਪਿਛਲੇ ਦੋ ਸਾਲਾਂ ਦੌਰਾਨ ਕੀਤੀਆਂ ਸੇਵਾਵਾਂ ਦੀ



ਜਾਣਕਾਰੀ ਦਿੱਤੀ। ਉਨ੍ਹਾਂ ਨੇ ਦੱਸਿਆ ਕਿ ਸੰਸਥਾ ਨੇ 32 ਤੋਂ ਵੱਧ ਅੰਤਿਮ ਸੰਸਕਾਰਾਂ ਦੀ ਸੇਵਾ ਨਿਭਾਈ ਹੈ, ਜਿਸ ਵਿੱਚ ਇਕ ਵਿਅਕਤੀ ਦੀ ਦੇਹ ਵੀ ਪੰਜਾਬ ਭੇਜੀ ਗਈ। ਇਨ੍ਹਾਂ ਸੇਵਾਵਾਂ ਵਿੱਚ ਕਾਗ਼ਜ਼ੀ ਕਾਰਵਾਈ ਤੋਂ ਲੈ ਕੇ ਭਾਵਨਾਤਮਕ ਅਤੇ ਆਰਥਿਕ ਮਦਦ ਵੀ ਸ਼ਾਮਲ ਹੈ। ਇਸ ਤੋਂ ਇਲਾਵਾ, ਸੰਸਥਾ ਵੱਲੋਂ ਕੈਂਸਰ ਪੀੜਤਾਂ ਲਈ ਰਾਸ਼ਨ ਅਤੇ ਦਵਾਈਆਂ, ਘਰੇਲੂ ਹਿੰਸਾ ਦੇ ਸ਼ਿਕਾਰ ਪਰਿਵਾਰਾਂ ਲਈ ਕੌਂਸਲਿੰਗ, ਅਤੇ ਜਾਗਰੂਕਤਾ ਪ੍ਰੋਗਰਾਮ ਜਿਵੇਂ "ਖੁਸ਼ੀਆਂ ਦਾ ਕੋਰਸ" ਤੇ "ਜ਼ਿੰਦਗੀ ਅਜੇ ਬਾਕੀ ਹੈ" ਆਯੋਜਿਤ ਕੀਤੇ ਗਏ। ਸਾਊਥ ਆਸਟ੍ਰੇਲੀਆ ਦੇ ਮਲਟੀਕਲਚਰਲ ਵਿਭਾਗ ਵੱਲੋਂ ਵੀ ਦੋ ਰਫ਼ਿਊਜੀ ਪਰਿਵਾਰਾਂ ਦੀ ਮੱਦਦ ਲਈ ਐਡੀਲੇਡ ਸੰਗਤ ਨਾਲ ਸੰਪਰਕ ਕੀਤਾ ਗਿਆ। ਇਸਦੇ ਨਾਲ ਨਾਲ ਪੰਜਾਬੀ ਭਾਸ਼ਾ ਦੀ ਪ੍ਰਚਾਰ-ਪਸਾਰ ਲਈ ਪੰਜਾਬੀ ਸਕੂਲਾਂ ਨੂੰ ਮੁਫ਼ਤ ਕਿਤਾਬਾਂ ਦਿੱਤੀਆਂ ਗਈਆਂ ਅਤੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੇ ਸਤਿਕਾਰ ਯੋਗ ਸਰੂਪਾਂ ਦੇ ਲਿਜਾਣ ਲਈ ਪਾਲਕੀ ਸਾਹਿਬ ਵੈਨ ਮੁਹੱਈਆ ਕਰਵਾਈ ਗਈ। ਪੱਛਮੀ ਆਸਟ੍ਰੇਲੀਆ ਦੀ ਪਹਿਲੀ ਪੰਜਾਬਣ ਵਿਧਾਇਕ ਡਾ. ਪਰਵਿੰਦਰ ਕੌਰ ਨੇ ਵੀ ਸਮਾਗਮ ਵਿੱਚ ਸ਼ਿਰਕਤ ਕਰਦਿਆਂ ਆਪਣਾ ਤਜਰਬਾ ਸਾਂਝਾ ਕੀਤਾ। ਰਾਜਵੀਰ ਕੌਰ ਨੂੰ "ਵਾਲੰਟੀਅਰ ਆਫ਼ ਦ ਯੀਅਰ" ਐਵਾਰਡ ਨਾਲ ਸਨਮਾਨਿਤ ਕੀਤਾ ਗਿਆ। ਮਿੰਟੂ ਬਰਾੜ ਵੱਲੋਂ ਸੰਸਥਾ ਨਾਲ ਜੁੜਨ ਅਤੇ ਅਰਥਿਕ ਸਹਿਯੋਗ ਦੀ ਅਪੀਲ ਕੀਤੀ ਗਈ, ਜਦਕਿ ਜਸਕੀਰਤ ਸਿੰਘ ਨੇ ਆਪਣੀ ਸੇਵਾ ਦੇ ਤਜਰਬੇ ਸਾਂਝੇ ਕੀਤੇ। ਆਖ਼ਰ ਵਿੱਚ ਸੰਸਥਾ ਦੇ ਪ੍ਰਧਾਨ ਗੁਰਿੰਦਰਜੀਤ ਸਿੰਘ ਵੱਲੋਂ ਸਾਰੇ ਮਹਿਮਾਨਾਂ ਅਤੇ ਸਹਿਯੋਗੀਆਂ ਦਾ ਧੰਨਵਾਦ ਕੀਤਾ ਗਿਆ। ਇਸ ਸਮਾਗਮ ਦੀ ਸਫਲਤਾ ਵਿੱਚ ਅਜਿੰਦਰ ਸਿੰਘ, ਭੁਪਿੰਦਰਦੀਪ ਸਿੰਘ, ਹਰਿੰਦਰ ਸਿੰਘ, ਅਮਨਦੀਪ ਕੌਰ ਜੱਸੜ, ਇੰਦਰਬੀਰ ਸਿੰਘ, ਨਵਪ੍ਰੀਤ ਸਿੰਘ, ਰੁਪਿੰਦਰ ਸਿੰਘ, ਰਿਤੂ ਕੌਰ, ਸੰਜਨਾ ਅਨੇਜਾ, ਪੂਜਾ ਗੁਲਾਟੀ, ਰੀਆ ਅਨੇਜਾ ਅਤੇ ਕਰਮਜੀਤ ਸਿੰਘ ਵੱਲੋਂ ਮਹੱਤਵਪੂਰਨ ਯੋਗਦਾਨ ਪਾਉਂਦੇ ਹੋਏ ਵਡਮੁੱਲੀਆਂ ਸੇਵਾਵਾਂ ਨਿਭਾਈਆਂ ।

# ਗੁਰਦੁਆਰਾ ਸ਼੍ਰੀ ਹਰਿ ਜੀ ਸਹਾਇ ਵਿਖੇ ਮਨਾਇਆ ਬ੍ਰਹਮ ਗਿਆਨੀ ਭਾਈ ਲਾਲੋ ਜੀ ਦਾ 573ਵਾਂ ਜਨਮ ਦਿਹਾੜਾ

## ਰਾਮਗੜੀਆ ਸਿੱਖ ਆਰਗੇਨਾਈਜੇਸ਼ਨ ਵੱਲੋਂ ਕਰਵਾਏ ਸਮਾਗਮ 'ਚ ਕਈ ਸਮਾਜ ਸੇਵੀਆਂ ਨੂੰ ਕੀਤਾ ਸਨਮਾਨਿਤ

**ਹੁਸ਼ਿਆਰਪੁਰ (ਤਰਸੇਮ ਦੀਵਾਨਾ )** – ਜਗਤ ਗੁਰੂ ਧੰਨ ਧੰਨ ਸਾਹਿਬ ਸ਼੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਅਨਿਨ ਸਿੱਖ ਬ੍ਰਹਮ ਗਿਆਨੀ ਭਾਈ ਲਾਲੋ ਜੀ ਦੇ 573ਵੇਂ ਜਨਮ ਦਿਵਸ ਸੰਬੰਧੀ ਰਾਮਗੜ੍ਹੀਆ ਸਿੱਖ ਆਰਗੇਨਾਈਜੇਸ਼ਨ ਇੰਡੀਆ ਵੱਲੋਂ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਗੁਰਦੁਆਰਾ ਸ੍ਰੀ ਹਰਿ ਜੀ ਸਹਾਏ ਮੁਹੱਲਾ ਟਿੱਬਾ ਸਾਹਿਬ ਹੁਸ਼ਿਆਰਪੁਰ ਵਿਖ਼ੇ ਗੁਰਮਤਿ ਸਮਾਗਮ ਦਾ ਆਯੋਜਨ ਕੀਤਾ ਗਿਆ । ਇੰਡੀਆ ਪ੍ਰਧਾਨ ਹਰਦੇਵ ਸਿੰਘ ਕੌਂਸਲ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਕਰਵਾਏ ਗਏ ਇਸ ਸਮਾਗਮ ਮੌਕੇ ਸ਼੍ਰੀ ਸੁਖਮਨੀ ਸਾਹਿਬ ਸੇਵਾ ਸੋਸਾਇਟੀ ਦੀਆਂ ਬੀਬੀਆਂ ਵੱਲੋਂ ਬੀਬੀ ਹਰਦੀਪ ਕੌਰ ਨਿੱਜਰ ਦੀ ਪ੍ਰਧਾਨਗੀ ਹੇਠ ਸ਼੍ਰੀ ਸੁਖਮਨੀ ਸਾਹਿਬ ਦਾ ਜਾਪ ਸੰਗਤੀ ਰੂਪ ਵਿੱਚ ਕੀਤਾ ਗਿਆ ਉਪਰੰਤ ਹਜੂਰੀ ਰਾਗੀ ਭਾਈ ਸਤਿੰਦਰ ਸਿੰਘ ਆਲਮ ਅਤੇ ਗੁਰਦੁਆਰਾ ਸ੍ਰੀ ਹਰਿ ਜੀ ਸਹਾਇ ਦੇ ਬੱਚਿਆਂ ਨੇ ਰਸ-ਭਿੰਨਾ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ ਅਤੇ ਗਿਆਨੀ ਜਸਵਿੰਦਰ ਸਿੰਘ ਪਰਮਾਰ ਅਤੇ ਸਰਪ੍ਰਸਤ ਸੰਤ ਬਾਬਾ ਰਣਜੀਤ ਸਿੰਘ ਮੁਖੀ ਗੁਰਦੁਆਰਾ ਸ਼ਹੀਦ ਸਿੰਘਾਂ ਹੁਸ਼ਿਆਰਪੁਰ ਨੇ ਬ੍ਰਹਮ ਗਿਆਨੀ ਭਾਈ ਲਾਲੋ ਜੀ ਦੇ ਜੀਵਣ ਇਤਿਹਾਸ ਸੰਬੰਧੀ ਸੰਗਤਾਂ ਨਾਲ ਗੁਰਮਤ ਵਿਚਾਰਾਂ ਦੀ ਸਾਂਝ ਪਾਈ । ਇਸ ਮੌਕੇ ਬਾਬਾ ਗੁਰਦੇਵ ਸਿੰਘ ਮੁਖੀ ਸਤਿਗੁਰੂ ਧੰਨਾ ਜੀ ਤਰਨਾ ਦਲ, ਬਾਬਾ ਪਰਮਿੰਦਰ ਸਿੰਘ ਮੁੱਖੀ ਵਿਸ਼ਵਕਰਮਾ ਮੰਦਰ ਧਾਰੀਵਾਲ, ਕੁਲਜੀਤ ਸਿੰਘ ਕਲੋਨਾਈਜਰ, ਦਰਸ਼ਨ ਸਿੰਘ ਪਲਾਹਾ ਭਾਈ ਲਾਲੋ ਜੀ ਐਵਾਰਡੀ ਤੇ ਪ੍ਰਧਾਨ ਗੁਰਦੁਆਰਾ ਸ੍ਰੀ ਹਰਿ ਜੀ ਸਹਾਇ, ਹਰਜੀਤ ਸਿੰਘ ਨੰਗਲ ਪ੍ਰਧਾਨ ਭਾਈ ਘੱਨਈਆ ਜੀ ਨਿਸ਼ਕਾਮ ਸੇਵਕ ਸਭਾ ਹਰਿਆਣਾ, ਕਸ਼ਮੀਰ ਸਿੰਘ ਗੀਗਨਵਾਲ ਸਰਪ੍ਰਸਤ, ਮਲਕੀਤ ਸਿੰਘ ਮਰਵਾਹਾ ਸੀਨੀਅਰ ਮੀਤ ਪ੍ਰਧਾਨ, ਪਰਮਜੀਤ ਸਿੰਘ ਕਲਿਆਣ ਸੀਨੀਅਰ ਵਾਈਸ ਚੇਅਰਮੈਨ, ਜਗਦੀਪ ਸਿੰਘ ਸੀਹਰਾ ਮੀਤ ਪ੍ਰਧਾਨ, ਹਰਦੇਵ ਸਿੰਘ ਸੀਹਰਾ, ਸਰਬਜੀਤ ਸਿੰਘ ਬਡਵਾਲ ਚੇਅਰਮੈਨ ਮੀਰੀ ਪੀਰੀ ਸੇਵਾ ਸਿਮਰਨ ਕਲੱਬ ਹੁਸ਼ਿਆਰਪੁਰ, ਮਨਜੀਤ ਸਿੰਘ ਕੌਂਸਲ, ਭਾਈ ਅਵਤਾਰ ਸਿੰਘ ਸੰਧੂ, ਅਵਤਾਰ ਸਿੰਘ ਸੀਹਰਾ, ਅਵਤਾਰ ਸਿੰਘ ਧਾਰੀਵਾਲ ਸਮੇਤ ਵੱਡੀ ਗਿਣਤੀ ਵਿੱਚ ਸੰਗਤਾਂ ਨੇ ਹਾਜ਼ਰੀਆਂ ਭਰੀਆਂ । ਇਸ ਮੌਕੇ ਕੁਲਦੀਪ ਸਿੰਘ ਚੇਅਰਮੈਨ ਤੇ ਹਰਦੇਵ ਸਿੰਘ ਕੌਂਸਲ ਪ੍ਰਧਾਨ ਇੰਡੀਆ ਨੇ ਆਈਆਂ ਸੰਗਤਾਂ ਅਤੇ ਪ੍ਰਮੁੱਖ ਸ਼ਖਸ਼ੀਅਤਾਂ ਦਾ ਧੰਨਵਾਦ ਕੀਤਾ । ਸਟੇਜ ਸੰਚਾਲਨ ਗੁਰਬਿੰਦਰ ਸਿੰਘ ਪਲਾਹਾ ਨੇ ਕੀਤਾ । ਉਪਰੰਤ ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ







।**ਫੋਟੋ ਅਜਮੇਰ ਦੀਵਾਨਾ**

# ਬਲਵੀਰ ਸਿੰਘ ਛੋਕਰ ਦੂਸਰੀ ਵਾਰ ਬਣੇ 'ਆਪ' ਵਿਧਾਨ ਸਭਾ ਹਲਕਾ ਫਿਲੌਰ ਦੇ ਬਲਾਕ ਪ੍ਰਧਾਨ

**ਫਿਲੌਰ/ਅੱਪਰਾ (ਦੀਪਾ)**- ਕਰੀਬੀ ਪਿੰਡ ਛੋਕਰਾਂ ਦੇ ਵਸਨੀਕ ਬਲਵੀਰ ਸਿੰਘ ਛੋਕਰ ਨੂੰ ਆਮ ਆਦਮੀ ਪਾਰਟੀ ਦੀ ਸੀਨੀਅਰ ਹਾਈਕਮਾਂਡ ਵਲੋਂ ਪਾਰਟੀ ਪ੍ਰਤੀ ਉਨਾਂ ਦੀਆਂ ਸੇਵਾਵਾਂ ਨੂੰ ਦੇਖਦੇ ਹੋਏ ਦੂਸਰੀ ਵਾਰ ਵਿਧਾਨ ਸਭਾ ਹਲਕਾ ਫਿਲੌਰ ਦਾ ਹਲਕਾ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ । ਇਸ ਮੌਕੇ ਬਲਵੀਰ ਸਿੰਘ ਛੋਕਰ ਨੇ ਪਾਰਟੀ ਹਾਈਕਮਾਂਡ, ਪ੍ਰਿੰਸੀਪਲ ਪ੍ਰੇਮ ਕੁਮਾਰ ਇੰਚਾਰਜ ਹਲਕਾ



ਫਿਲੌਰ, ਪਰਦੀਪ ਦੁੱਗਲ ਜਿਲਾ ਪ੍ਰਧਾਨ, ਮਦਨ ਸਿੰਘ ਜਿਲਾ ਸੈਕਟਰੀ ਤੇ ਸੰਜੇ ਅਟਵਾਲ ਸੰਗਠਨ ਇੰਚਾਰਜ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਆਪਣੀ ਜਿੰਮੇਵਾਰੀ ਪੂਰੀ ਤਨਦੇਹੀ ਨਾਲ ਨਿਭਾਉਂਦੇ ਰਹਿਣਗੇ ਤੇ ਪਾਰਟੀ ਦੀਆਂ ਨੀਤੀਆਂ ਨੂੰ ਆਮ ਲੋਕਾਂ ਤੱਕ ਪਹੁੰਚਾਉਣ ਲਈ ਦਿਨ ਰਾਤ ਮਿਹਨਤ ਕਰਨਗੇ।

for more news visit:
www.samajweekly.com

# ਪੰਜਾਬ ਦੇ ਹੜ੍ਹ ਪੀੜਤਾਂ ਦੀ ਮੱਦਦ ਲਈ ਮੁਸਲਿਮ ਭਰਾ ਆਏ ਅੱਗੇ

**●ਜੱਥੇ. ਨਿਮਾਣਾ, ਭਾਈ ਮਖੂ ਨੂੰ ਸੌਂਪਿਆ ਰਾਹਤ ਸਮੱਗਰੀ ਨਾਲ ਭਰਿਆ ਟਰੱਕ ●ਮੁਸਲਿਮ ਭਰਾਵਾਂ ਨੇ ਦਸਤਾਰ ਸਜਾ ਕੇ ਭਾਈਚਾਰਕ ਸਾਂਝ ਤੇ ਮੁਹੱਬਤ ਦਾ ਪੈਗਾਮ ਦਿੱਤਾ- ਜੱਥੇ: ਨਿਮਾਣਾ, ਭਾਈ ਮਖੂ**

**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਆਪਣੀ ਉਸਾਰੂ ਸੋਚ ਨੂੰ ਮਨੁੱਖੀ ਭਲਾਈ ਕਾਰਜਾਂ ਵਿੱਚ ਲਗਾਉਣ ਵਾਲੇ ਵਿਅਕਤੀ ਤੇ ਸੰਸਥਾਵਾਂ ਸਮੁੱਚੇ ਸਮਾਜ ਦੇ ਲਈ ਪ੍ਰੇਰਣਾ ਸਰੋਤ ਹੁੰਦੀਆਂ ਹਨ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਭਾਈ ਘਨੱਈਆ ਜੀ ਮਿਸ਼ਨ ਸੇਵਾ ਸੁਸਾਇਟੀ ਦੇ ਮੁੱਖ ਸੇਵਾਦਾਰ ਜੱਥੇਦਾਰ ਤਰਨਜੀਤ ਸਿੰਘ ਨਿਮਾਣਾ, ਭਾਈ ਮਖੂ ਨੇ ਅੱਜ ਪੱਤਰਕਾਰਾਂ ਦੇ ਨਾਲ ਗੱਲਬਾਤ ਕਰਦਿਆਂ ਹੋਇਆਂ ਕੀਤਾ। ਆਪਣੀ ਗੱਲਬਾਤ ਦੌਰਾਨ ਉਨ੍ਹਾਂ ਨੇ ਜਾਣਕਾਰੀ ਦੇਂਦਿਆਂ ਹੋਇਆਂ ਕਿਹਾ ਕਿ ਪਿਛਲੇ ਦਿਨੀਂ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਅੰਦਰ ਆਏ ਹੜ੍ਹਾਂ ਤੋਂ ਪ੍ਰਭਾਵਿਤ ਹੜ੍ਹ ਪੀੜਤ ਲੋਕਾਂ ਦੀ ਸਹਾਇਤਾ ਲਈ ਸੁਸਾਇਟੀ ਵੱਲੋਂ ਆਰੰਭੀ ਗਈ ਰਾਹਤ ਮੁਹਿੰਮ ਤੋਂ ਪ੍ਰਭਾਵਿਤ ਹੋ ਕੇ ਅੱਜ ਹਰਿਆਣਾ ਤੋਂ ਮੁਸਲਿਮ ਭਾਈਚਾਰੇ ਨਾਲ ਸੰਬੰਧਿਤ ਪ੍ਰਮੁੱਖ ਆਗੂਆਂ ਦੀ ਅਗਵਾਈ ਹੇਠ ਮੁਸਲਿਮ ਪਰਿਵਾਰਾਂ ਵੱਲੋਂ ਪੰਜਾਬ ਦੇ ਹੜ੍ਹ ਪੀੜਤਾਂ ਦੀ ਸੱਚੇ ਦਿਲੋਂ ਸਾਰ ਲੈਣ ਅਤੇ ਆਪਣੀ ਦਿਲੀ ਹਮਦਰਦੀ ਦਾ ਇਜ਼ਹਾਰ ਕਰਦਿਆਂ ਹੋਇਆਂ ਜ਼ਰੂਰੀ ਵਸਤਾਂ ਨਾਲ ਭਰਿਆ ਇੱਕ ਟਰੱਕ ਰਾਰਤ ਸੇਵਾ ਕਾਰਜਾਂ ਲਈ ਸਾਨੂੰ ਭੇਟ ਕੀਤਾ। ਜੋ ਕਿ ਆਪਣੇ ਆਪ ਵਿੱਚ





ਆਪਸੀ ਭਾਈਚਾਰਕ ਸਾਂਝ ਦੀ ਵੱਡੀ ਮਿਸਾਲ ਹੈ । ਜੱਥੇ:ਨਿਮਾਣਾ, ਭਾਈ ਮਖੂ ਨੇ ਮੁਸਲਿਮ ਭਰਾਵਾਂ ਦੇ ਪ੍ਰਮੁੱਖ ਆਗੂਆਂ ਦੇ ਦਸਤਾਰਾਂ ਸਜਾ ਕੇ ਭਾਈਚਾਰਕ ਸਾਂਝ ਅਤੇ ਮੁਹੱਬਤ ਦਾ ਪੈਗਾਮ ਦਿੱਤਾ। ਇਸ ਮੌਕੇ ਜਮੀਅਤ ਉਲੇਮਾ ਏ ਹਿੰਦ ਦੇ ਪ੍ਰਮੁੱਖ ਆਗੂ ਮੁਫਤੀ ਸਲੀਮ ਅਹਿਮਦ ਕਾਸਮੀ ਸਾਕਰਸ ਨੇ ਆਪਣੇ ਵਿਚਾਰਾਂ ਦੀ ਸਾਂਝ ਕਰਦਿਆਂ ਦੱਸਿਆ ਜਮੀਅਤ ਉਲੇਮਾ ਏ ਹਿੰਦ ਦੇ ਰਾਸ਼ਟਰੀ ਪ੍ਰਧਾਨ ਮੌਲਾਨਾ ਮਹਿਮੂਦ ਮਦਨੀ ਦੇ ਦਿਸ਼ਾ-ਨਿਰਦੇਸ਼ ਤੇ ਜਮੀਅਤ ਯੂਥ ਕਲੱਬ ਭਾਰਤ ਸਕਾਊਟ ਅਤੇ ਗਾਈਡ ਵਲੰਟੀਅਰ ਮੁਫਤੀ ਸਲੀਮ ਅਹਿਮਦ ਕਾਸਮੀ ਸਾਕਰਸ, ਮੁਫਤੀ ਮੁਹੰਮਦ ਆਰਿਫ ਦੀ ਦੇਖ- ਰੇਖ ਹੇਠ ਲਗਭਗ 45 ਦਿਨਾਂ ਤੋਂ ਲੁਧਿਆਣਾ ਸੈਂਟਰ ਤੋਂ ਪੰਜਾਬ ਦੇ ਹੜ੍ਹ ਪੀੜਤਾਂ ਲਈ ਲਗਾਤਾਰ ਰੋਜ਼ਾਨਾ ਰਾਹਤ ਸਮੱਗਰੀ ਸੇਵਾ ਦੇ ਟਰੱਕ ਭੇਜੇ ਜਾ ਰਹੇ ਹਨ । ਮੁਫਤੀ ਸਲੀਮ ਅਹਿਮਦ ਨੇ ਕਿਹਾ ਕਿ ਪੰਜਾਬ ਅੰਦਰ ਹੜ੍ਹਾਂ ਨਾਲ ਹੋਈ ਤਬਾਹੀ ਦਾ ਦਰਦ ਉਹ ਬੜੀ ਸ਼ਿੱਦਤ ਨਾਲ ਮਹਿਸੂਸ ਕਰਦੇ ਹਨ,ਖਾਸ ਕਰਕ ਹਰਿਆਣੇ ਵਿੱਚ ਵੱਸਣ ਵਾਲਾ ਮੁਸਲਿਮ ਭਾਈਚਾਰਾ ਇਸ ਸੰਕਟਮਈ ਘੜੀ ਵਿੱਚ ਪੰਜਾਬ ਦੇ ਭਰਾਵਾਂ ਨਾਲ ਪੂਰੀ ਤਰ੍ਹਾਂ ਦੇ ਨਾਲ ਖੜ੍ਹਾ ਹੈ ਅਤੇ ਹਰ ਸੰਭਵ ਮੱਦਦ ਕਰਨ ਲਈ ਪੂਰੀ ਤਰ੍ਹਾਂ ਯਤਨਸ਼ੀਲ ਹੈ। ਇਸੇ ਮਨੋਰਥ ਦੀ ਪੂਰਤੀ ਲਈ ਅੱਜ ਅਸੀ ਰਾਹਤ ਸਮੱਗਰੀ ਦਾ ਟਰੱਕ ਪੰਜਾਬ ਦੇ ਲੋਕਾਂ ਦੀ ਸੇਵਾ ਵਿੱਚ ਹਾਜ਼ਰ ਕੀਤਾ ਹੈ ਅਤੇ ਇਹ ਸਾਰਾ ਸਮਾਨ ਅਸੀ ਭਾਈ ਘਨੱਈਆ ਜੀ ਮਿਸ਼ਨ ਸੇਵਾ ਸੁਸਾਇਟੀ ਦੇ ਮੁੱਖ ਸੇਵਾਦਾਰ ਜੱਥੇ. ਤਰਨਜੀਤ ਸਿੰਘ ਨਿਮਾਣਾ, ਭਾਈ ਹਰਪ੍ਰੀਤ ਸਿੰਘ ਮਖੂ ਤੇ ਉਨ੍ਹਾਂ ਦੀ ਟੀਮ ਮੈਬਰਾਂ ਨੂੰ ਸੌਂਪਿਆ ਹੈ ਤਾਂ ਜੋ ਫਿਰੋਜ਼ਪੁਰ ਜ਼ਿਲ੍ਹੇ ਦੇ ਨਾਲ ਸੰਬੰਧਿਤ ਹੜ੍ਹ ਪੀੜਤਾਂ ਨੂੰ ਤਕਸੀਮ ਕੀਤਾ ਜਾ ਸਕੇ।

# ਐਮ.ਬੀ.ਬੀ. ਸਕੂਲ ਦਾ ਬਲਾਕ ਪੱਧਰੀ ਖੇਡ ਮੁਕਾਬਲਿਆਂ 'ਚ ਰਿਹਾ ਸ਼ਾਨਦਾਰ ਪ੍ਰਦਰਸ਼ਨ

**ਨਵਾਂਸ਼ਹਿਰ /ਕਾਠਗੜ੍ਹ (ਜਤਿੰਦਰ ਪਾਲ ਸਿੰਘ ਕਲੇਰ )** ਸਵਾਮੀ ਰਾਮ ਤੀਰਥ ਭੂਰੀ ਵਾਲਿਆਂ ਦੀ ਰਹਿਨੁਮਾਈ ਹੇਠ ਚੱਲ ਰਹੇ ਮਹਾਰਾਜ ਬ੍ਰਹਮਾਨੰਦ ਭੂਰੀ ਵਾਲੇ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਮੁੱਤੋਂ ਦੇ ਵਿਦਿਆਰਥੀਆਂ ਨੇ ਬਲਾਕ ਪੱਧਰੀ ਖੇਡ ਮੁਕਾਬਲਿਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਕੁੱਲ 28 ਇਨਾਮ ਜਿੱਤ ਕੇ ਸਕੂਲ ਦਾ ਨਾਮ ਰੌਸ਼ਨ ਕੀਤਾ ਹੈ । ਸਕੂਲ ਪ੍ਰਿੰਸੀਪਲ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਸਕੂਲ ਵਿਦਿਆਰਥੀਆਂ ਨੇ ਵੱਖ-ਵੱਖ ਖੇਡਾਂ ਜਿਵੇਂ ਕਿ ਐਥਲੈਟਿਕਸ, ਕਬੱਡੀ, ਵਾਲੀਬਾਲ, ਬੈਡਮਿੰਟਨ ਆਦਿ ਵਿੱਚ ਹਿੱਸਾ ਲਿਆ ਅਤੇ ਆਪਣੀ ਮਿਹਨਤ, ਅਨੁਸ਼ਾਸਨ ਅਤੇ ਖੇਡਾਂ ਪ੍ਰਤੀ ਸਮਰਪਣ ਨਾਲ ਸਭ ਦਾ ਮਨ ਮੋਹ ਲਿਆ। ਬਲਾਕ ਪੱਧਰੀ ਖੇਡਾਂ ਤੋਂ ਬਾਅਦ ਜ਼ਿਲ੍ਹਾ ਪੱਧਰੀ ਖੇਡਾਂ ਵਿੱਚ ਵੀ ਭਾਗ ਲੈ ਕੇ



ਵਿਦਿਆਰਥੀਆਂ ਨੇ ਵਧੀਆ ਪ੍ਰਦਰਸ਼ਨ ਕੀਤਾ ਅਤੇ ਇਨਾਮ ਪ੍ਰਾਪਤ ਕੀਤੇ। ਸਕੂਲ ਪ੍ਰਿੰਸੀਪਲ ਨੇ ਵਿਦਿਆਰਥੀਆਂ ਦੀ ਇਸ ਪ੍ਰਾਪਤੀ 'ਤੇ ਮਾਣ ਪ੍ਰਗਟਾਇਆ ਅਤੇ ਕਿਹਾ ਕਿ ਇਹ ਸਾਰੇ ਬੱਚਿਆਂ ਦੀ ਲਗਨ ਅਤੇ ਅਧਿਆਪਕਾਂ ਦੀ ਰਹਿਨੁਮਾਈ ਦਾ ਨਤੀਜਾ ਹੈ। ਉਨ੍ਹਾਂ ਬੱਚਿਆਂ ਨੂੰ ਅੱਗੇ ਵੀ ਖੇਡਾਂ ਅਤੇ ਪੜ੍ਹਾਈ ਵਿੱਚ ਵਧ ਚੜ੍ਹ ਕੇ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ।

# ਜੰਮੂ-ਕਸ਼ਮੀਰ ਅਕੈਡਮੀ ਆਫ ਆਰਟ, ਕਲਚਰ ਐਂਡ ਲੈਂਗੁਇਜਜ਼ ਵੱਲੋਂ ਧਰਮਗੁੰਡ, ਤ੍ਰਾਲ (ਪੁਲਵਾਮਾ) ਵਿੱਚ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਪੁਰਬ ਅਤੇ ਗੁਰੂ ਤੇਗ਼ ਬਹਾਦਰ ਜੀ ਦੀ ੩੫੦ਵੀਂ ਸ਼ਹੀਦੀ ਦਿਹਾੜੇ ਦੀ ਯਾਦ ਵਿੱਚ ਸਮਾਰੋਹ ਆਯੋਜਿਤ - ਪੋਪਿੰਦਰ ਸਿੰਘ ਪਾਰਸ

**ਬਰਨਾਲਾ (ਚੰਡਿਹੋਕ):** ਜੰਮੂ ਕਸ਼ਮੀਰ ਅਕੈਡਮੀ ਆਫ ਆਰਟ, ਕਲਚਰ ਐਂਡ ਲੈਂਗਵੇਜਿਜ਼ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਅਤੇ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੀ 350ਵੀਂ ਸ਼ਹੀਦੀ ਦਿਹਾੜੇ ਦੀ ਯਾਦ ਵਿੱਚ ਵਿਸ਼ੇਸ਼ ਸਮਾਰੋਹ ਗੁਰਦੁਆਰਾ ਸਿੰਘ ਸਭਾ, ਧਰਮਗੁੰਡ, ਤ੍ਰਾਲ (ਪੁਲ-ਵਾਮਾ) ਵਿੱਚ ਸ਼੍ਰੀਮਤੀ ਹਰਵਿੰਦਰ ਕੌਰ , ਸਕੱਤਰ ਦੀ ਰਹਿਨੁਮਾਈ ਹੇਠ ਆਯੋਜਿਤ ਕੀਤਾ ਗਿਆ। ਕਾਰਜਕ੍ਰਮ ਦੀ ਸ਼ੁਰੂਆਤ ਮਾਸਟਰ ਅਵਤਾਰ ਸਿੰਘ ਅਤੇ ਅਵਤਾਰ ਸਿੰਘ (ਸਕੱਤਰ, ਜੀ.ਐੱਸ.ਐੱਸ. ਧਰਮਗੁੰਡ) ਅਤੇ ਉਨ੍ਹਾਂ ਦੇ ਸਮੂਹਾਂ ਵੱਲੋਂ ਗੁਰਬਾਣੀ ਸ਼ਬਦ ਕੀਰਤਨ ਦੀ ਸੁਰੀਲੀ ਰਸਧਾਰ ਨਾਲ ਹੋਈ, ਜਿਸ ਤੋਂ ਬਾਅਦ ਆਤਮਕ ਪ੍ਰਸਤੁਤੀ ਦਿੱਤੀ ਗਈ। ਰੱਬੀ ਕੀਰਤਨ ਨੇ ਪੂਰੇ ਮੰਡਪ ਨੂੰ ਰੂਹਾਨੀ ਭਾਵਨਾ ਅਤੇ ਸ਼ਰਧਾ ਨਾਲ ਭਰ ਦਿੱਤਾ ਅਤੇ ਪੂਰੇ ਸਮਾਗਮ ਦਾ ਮਾਹੌਲ ਸ਼ਾਂਤਮਈ ਬਣਾਇਆ।

ਗੁਰਦੁਆਰਾ ਸਿੰਘ ਸਭਾ ਧਰਮਗੁੰਡ ਦੇ ਪ੍ਰਧਾਨ ਰਜਿੰਦਰ ਸਿੰਘ ਨੇ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਜ਼ਿੰਦਗੀ ਅਤੇ ਉਨ੍ਹਾਂ ਦੀ ਸਰਬੋਤਮ ਸ਼ਹੀਦੀ ਬਾਰੇ ਪ੍ਰਕਾਸ਼ ਪਾਇਆ ਅਤੇ ਧਰਮ ਤੇ ਮਨੁੱਖੀ ਮੁੱਲਾਂ ਦੀ ਰੱਖਿਆ ਲਈ ਉਨ੍ਹਾਂ ਦੇ ਅਤੁੱਲ ਯੋਗਦਾਨ ਨੂੰ ਉਜਾ-ਗਰ ਕੀਤਾ। ਇਸ ਮੌਕੇ ਗੁਰਮਤਿ ਪੰਜਾਬੀ ਕਵੀ ਦਰਬਾਰ ਦਾ ਆਯੋਜਨ ਵੀ ਕੀਤਾ ਗਿਆ, ਜਿਸ ਵਿੱਚ ਸਥਾਨਕ ਕਾਲਜਾਂ ਅਤੇ ਹਾਈਅਰ



ਸਕੈਂਡਰੀ ਸਕੂਲਾਂ ਦੇ ਵਿਦਿਆਰਥੀਆਂ ਨੇ ਉਤਸ਼ਾਹ ਨਾਲ ਭਾਗ ਲਿਆ। ਸ਼੍ਰੀ ਪੋਪਿੰਦਰ ਸਿੰਘ ਪਾਰਸ, ਸੀਨੀਅਰ ਸੰਪਾਦਕ ਸ਼ੀਰਾਜਾ ਪੰਜਾਬੀ ਨੇ ਜੇ.ਕੇ.ਏ.ਏ.ਸੀ.ਐੱਲ. ਵੱਲੋਂ ਪੰਜਾਬੀ ਭਾਸ਼ਾ ਅਤੇ ਸਭਿਆਚਾਰ ਨੂੰ ਕਸ਼ਮੀਰ ਦੇ ਦੂਰ-ਦਰਾਜ ਇਲਾਕਿਆਂ ਵਿੱਚ ਪ੍ਰਚਾਰਿਤ ਕਰਨ ਲਈ ਕੀਤੀਆਂ ਕੋਸ਼ਿਸ਼ਾਂ ਉੱਤੇ ਚਾਨਣ ਪਾਇਆ। ਉਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਅਤੇ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਸ਼ਹੀਦੀ ਦਿਹਾੜੇ ਦੇ ਰੂਹਾਨੀ ਅਤੇ ਇਤਿਹਾਸਕ ਮਹੱਤਵ ਉੱਤੇ ਵੀ ਵਿਚਾਰ ਪ੍ਰਗਟ ਕੀਤੇ। ਕਵੀ ਦਰਬਾਰ ਵਿੱਚ ਪ੍ਰਸਿੱਧ ਕਵੀ ਪ੍ਰਿੰਸਿਪਲ ਇਛਪਾਲ ਸਿੰਘ, ਸੰਜੀਤ ਸਿੰਘ, ਇਸ਼ਮੀਤ ਸਿੰਘ, ਹਰਪ੍ਰੀਤ ਸਿੰਘ, ਹਰਵਿੰਦਰ ਸਿੰਘ, ਗੁਰਸ਼ਿਸ ਕੌਰ, ਰਵਨੀਤ ਕੌਰ, ਗੁਰਪ੍ਰੀਤ ਕੌਰ, ਮਨਪ੍ਰੀਤ ਕੌਰ, ਰੋਹਨਮੀਤ ਸਿੰਘ ਅਤੇ ਹੋਰਾਂ ਨੇ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ। ਸ਼ਰਧਾਲੂਆਂ ਨੇ ਗੁਰਦੁਆਰਾ ਸਾਹਿਬ ਵਿੱਚ ਹਾਜ਼ਰੀ ਭਰੀ ਅਤੇ ਪੂਰੇ ਭਾਵ ਨਾਲ ਸਮਾਗਮ ਵਿੱਚ ਭਾਗ ਲਿਆ। ਸ. ਅਵਤਾਰ ਸਿੰਘ, ਸਕੱਤਰ, ਗੁਰਦੁਆਰਾ ਸਿੰਘ ਸਭਾ ਧਰਮਗੁੰਡ ਨੇ ਕਾਰਜਕ੍ਰਮ ਦੀ ਕਾਰਵਾਈ ਚਲਾਈ ਜਦਕਿ ਸ.ਰਜਿੰਦਰ ਸਿੰਘ, ਪ੍ਰਧਾਨ ਨੇ ਧੰਨਵਾਦ ਪ੍ਰਸਤੁਤ ਕੀਤਾ। ਸ਼੍ਰੀ ਤ੍ਰਿਲੋਕ ਸਿੰਘ ਬਾਲੀ ਨੇ ਕਾਰਜਕ੍ਰਮ ਦੇ ਸੁਚਾਰੂ ਆਯੋਜਨ ਵਿੱਚ ਸਹਿਯੋਗ ਦਿੱਤਾ। ਸਮਾਗਮ ਨੂੰ ਆਨਲਾਈਨ ਰੂਪ ਵਿੱਚ ਸੁਖਮੀਤ ਸਿੰਘ ਵੱਲੋਂ ਇਕ ਬਾਣੀ ਪਲੇਟਫਾਰਮ ਰਾਹੀਂ ਉਜਾਗਰ ਕੀਤਾ ਗਿਆ।

## ਇਹ ਕਹਿਣ ਵਿਰੋਧੀ ਪਾਰਟੀਆਂ

ਜੋ ਆਮ ਤੋਂ ਬਣ 'ਗੇ ਖ਼ਾਸ ,
ਉਹ ਛਾਤੀਆਂ ਤਣਦੇ ਜਾਂਦੇ ਨੇ ।
ਬਾਕੀ ਦੇ ਲੱਲੀ ਛੱਲੀ ਤਾਂ ,
ਝਾਰਨੇ ਵਿੱਚੋਂ ਛਣਦੇ ਜਾਂਦੇ ਨੇ ।
ਹਰ ਇੱਕ ਸੀਟ ਲਈ ਚੋਣ ,
ਹੁੰਦੀ ਹੈ ਦੌਲਤ ਮੰਦ ਦੀ ਹੀ ;
ਤਾਈਓਂ ਅਰਬਾਂਪਤੀ ਵੀ ,
ਆਮ ਆਦਮੀ ਬਣਦੇ ਜਾਂਦੇ ਨੇ ।



**ਮੂਲ ਚੰਦ ਸ਼ਰਮਾ**
ਪ੍ਰਧਾਨ, ਪੰਜਾਬੀ ਸਾਹਿਤ ਸਭਾ ਧੂਰੀ ਜ਼ਿਲ੍ਹਾ ਸੰਗਰੂਰ।
9914836037

## ਫੌਜ

ਪ੍ਰਭੂ ਵਾਲਮੀਕ ਨੇ ਸਾਜੀ ਧਰਤੀ,,
ਗੱਲ ਯਹਿਨ ਵਿਚ ਬੈਠੀ ਏ
ਕੌਮ ਉਹਦੀ ਕੋਲ ਹੈ ਨਹੀਂ ਮਰਲਾ
ਏਸੇ ਗੱਲ ਦੀ ਹੇਠੀ ਏ
ਡਿਗਰੀਆਂ ਕਰਕੇ ਵੇਹਲੇ ਫਿਰਦੇ,
ਪਿੱਟਣ ਲੀਹ ਤਕਦੀਰਾਂ ਦੀ,,,,,
ਲਗਦਾ ਫੌਜ ਬਣਾਉਂਣੀ ਪੈਣੀ
ਲਵ ਕੁੱਸ਼ ਵਰਗੇ ਵੀਰਾਂ ਦੀ,,,,

ਆਪੇ ਬਣ ਪ੍ਰਧਾਨ ਕਈ,ਪਿੱਠ ਤੇ
ਖ਼ੰਜਰ ਖੋਬ ਗਏ,,,
ਲੈਕੇ ਵਿਚ ਵਿਸ਼ਵਾਸ ਦੇ ਪਹਿਲਾਂ,,
ਆਪਣੇ ਹੀ ਬੇੜੀ ਡੋਬ ਗਏ,,,,,,
ਡੋਲ ਗਏ ਇਮਾਨ ਇਹਨਾਂ ਦੇ ਦੇਖ
ਕੇ ਝਲਕ ਜਗੀਰਾਂ ਦੀ,,,,,,
ਲਗਦਾ ਫੌਜ ਬਣਾਉਂਣੀ ਪੈਣੀ
ਲਵ ਕੁੱਸ਼ ਵਰਗੇ ਵੀਰਾਂ ਦੀ

ਮੰਗਿਆ ਹੱਕ ਕੋਈ ਨਹੀਂ ਦਿੰਦਾ
ਹੱਕਾਂ ਖਾਤਰ ਲੜਨਾ ਪੈਂਦਾ ਆ
ਭੀਮ ਰਾਓ ਜਿਹੀਆਂ ਪਾਕੇ ਪੈੜਾਂ
ਕੱਲਿਆਂ ਹੀ ਫਿਰ ਖੜਨਾ ਪੈਂਦਾ ਆ
ਇਨਕਲਾਬੀ ਸੋਚ ਰੱਖੋਂ ਤੁਸੀ ਉੱਡ
ਜਾਓ ਨੀਂਦ ਵਜ਼ੀਰਾਂ ਦੀ
ਲਗਦਾ ਫੌਜ ਬਣਾਉਂਣੀ ਪੈਣੀ
ਲਵ ਕੁਸ਼ ਵਰਗੇ ਵੀਰਾਂ ਦੀ,,,,,,


ਦੱਬਲੇ ਕੁਚਲੇ ਤੁਸੀਂ ਹੁਣ ਕਿੰਨਾਂ
ਚਿਰ ਅਖਵਾਉਣਾ
ਗੁਰਮੀਤ ਡੁਮਾਣੇ ਵਾਲਿਆ ਜੱਗ ਤੇ
ਵਾਰ ਵਾਰ ਨਹੀਂ ਆਉਣਾ,,,
ਆਜੋ ਜੜ੍ਹ ਤੋਂ ਪਟੀਏ ਰਲਕੇ ਲੱਗੀ
ਵੇਲ ਕਰੀਰਾਂ ਦੀ,,,,
ਲਗਦਾ ਫੌਜ ਬਣਾਉਂਣੀ ਪੈਣੀ,
ਲਵ ਕੁੱਸ਼ ਵਰਗੇ ਵੀਰਾਂ ਦੀ,,,,,,



**ਗੁਰਮੀਤ ਡੁਮਾਣਾ**
ਲੋਹੀਆਂ ਖਾਸ
ਜਲੰਧਰ
76528 16074

## ਘਰ ਬਨਾਮ ਮਕਾਨ

ਪਿਤਾ ਪੁਰਖੀ ਘਰ ਨੂੰ
ਥੋੜਾ ਭੰਨ ਤੋੜ
ਕੰਧਾਂ ਇਧਰੋਂ ਉਧਰ ਕਰ
ਨਵਾਂ ਬਣਾਉਣ ਦੀ
ਕੋਸ਼ਿਸ਼ ਕਰਦਿਆ
ਤੋੜ ਦਿੱਤੀਆਂ ਨੇ
ਕਾਨਸਾਂ
ਜਿਨਾਂ ਦੇ ਵਿਛੇ
ਕੱਪੜਿਆਂ ਹੇਠ
ਮਾਂ ਨੇ ਸਾਂਭੀਆਂ ਹੁੰਦੀਆਂ ਸੀ
ਆਪਣੀਆਂ ਸਾਰੀਆਂ ਕੀਮਤੀ ਚੀਜ਼ਾਂ
ਨਾਨੇ ਦੀ ਚਿੱਠੀ
ਥੋੜੀ ਜਿਹੀ ਭਾਨ
ਕੱਪੜੇ ਨਾਲ ਟੰਗੀ ਸੂਈ
ਕੋਈ ਨਿੱਕੀ ਜਿਹੀ ਤਸਵੀਰ
ਅਖਬਾਰ ਵਿੱਚੋਂ ਕੱਟੀਆਂ
ਗਜਲਾਂ
ਆਲੇ ਬੰਦ ਕਰਵਾ
ਲਗਵਾ ਲਈਆਂ
ਯੂ ਵੀ ਸ਼ੀਟਾਂ
ਖਿੜਕੀ ਦੀਆਂ ਜਾਲੀਆਂ
ਕਟਵਾ ਕੇ
ਗਰਿਲਾਂ ਕਟਵਾ ਕੇ
ਲਗਾਏ ਵੱਡੇ ਵੱਡੇ ਸ਼ੀਸ਼ੇ
ਤੇ ਸ਼ੀਸ਼ਾ ਉੱਤੇ
ਬਲੈਕ ਆਊਟ ਪਰਦੇ
ਚਿੱਟੇ ਬਲਬ ਤੇ ਟਿਊਬਾਂ
ਦੀ ਥਾਂ
ਪੀਲੀਆਂ ਲਾਈਟਾਂ ਲਾ ਲਈਆਂ
ਨਵੇਂ ਨਕੋਰ ਪੱਖੇ
ਜੋ ਰਿਮੋਟ ਨਾਲ ਚਲਦੇ
ਹਰ ਕੋਈ ਕਹਿੰਦਾ
ਬਹੁਤ ਸੋਹਣਾ ਬਣ ਗਿਆ
ਹੁਣ ਮੇਰਾ ਪਿਤਾ ਪੁਰਖੀ ਘਰ
ਮੈਨੂੰ ਪਤਾ ਹੈ
ਹੁਣ ਇਹ ਘਰ ਨਹੀਂ ਰਿਹਾ
ਮਕਾਨ ਹੈ
ਸੋਹਣਾ ਜਿਹਾ।



**ਹਰਪ੍ਰੀਤ ਕੌਰ ਸੰਧੂ**

## ਪਛਤਾਇਆ ਵੀ

ਆਪੇ ਗੱਲ ਨੂੰ ਠੱਪਿਆ ਆਪੇ ਭੜਕਾਇਆ ਵੀ,
ਮੈਂ ਆਪੇ ਅੱਗ ਲਾਈ ਆਪੇ ਪਾਣੀ ਪਾਇਆ ਵੀ।
ਇਉਂ ਹੀ ਨਹੀਂ ਜਾਂਚ ਆ ਗਈ ਹੱਸ ਕੇ ਜਿਉਣ ਦੀ,
ਬਥੇਰਾ ਚਿਰ ਜ਼ਿੰਦਗੀ ਨੇ ਸਾਨੂੰ ਰੁਲਾਇਆ ਵੀ।
ਮੇਰਾ ਕਾਤਲ ਵੀ ਇੱਕ ਇਨਸਾਨ ਹੀ ਸੀ ਆਖ਼ਰ,
ਕਤਲ ਮੇਰਾ ਕਰਕੇ ਉਹ ਥੋੜਾ ਪਛਤਾਇਆ ਵੀ।
ਐਸਾ ਨਹੀਂ ਕਿ ਮੈਂ ਰੋ ਰਿਹਾਂ ਅਪਣੀ ਬਰਬਾਦੀ ਤੇ,
ਤੇਰੇ ਨਾਲੋਂ ਟੁੱਟੀ ਦਾ ਬੜਾ ਜਸ਼ਨ ਮਨਾਇਆ ਵੀ।
ਕੱਲ ਤੱਕ ਜੋ ਸਾਨੂੰ ਦੇਖਣਾ ਨਹੀਂ ਸੀ ਮੰਗਦਾ,
ਉਸੇ ਨੇ ਸਾਡੀ ਸ਼ਾਨ 'ਚ ਅੱਜ ਗੀਤ ਗਾਇਆ ਵੀ।
ਇਸ਼ਕ ਦੇ ਵੈਰੀਆਂ ਦੀ ਹਾਰ ਹੋਈ ਹਰ ਯੁੱਗ 'ਚ,
ਜਿਸ ਕਿਸੇ ਭੰਡਿਆ ਇਸਨੂੰ ਜਿਸ ਕਿਸੇ ਦਬਾਇਆ ਵੀ।



**ਡਾ. ਤੇਜਿੰਦਰ...**

## ਵਰ੍ਹੇਗੰਢ ਦੀ ਮੁਬਾਰਕਬਾਦ



**ਗੁਰਨੇਕ ਲਾਲ ਹੈਲਥ ਸੁਪਰਵਾਈਜ਼ਰ ਤੇ ਰਾਜਬੀਰ ਨੂੰ ਵਿਆਹ ਦੀ 23ਵੀਂ ਵਰੇਗੰਢ ਦੀ ਮੁਬਾਰਕਬਾਦ**

# ਜੈਪੁਰ ਵਿੱਚ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ 'ਤੇ ਸੈਮੀਨਾਰ ਵਿੱਚ ਪੈੜਾਂ ਮੈਗਜ਼ੀਨ ਲੋਕ ਅਰਪਿਤ

## ਮੌਜੂਦਾ ਉੱਘੀਆਂ ਸ਼ਖਸੀਅਤਾਂ ਵਲੋਂ ਮੈਗਜ਼ੀਨ ਦੀ ਸ਼ਲਾਘਾ ਕੀਤੀ ਗਈ



**ਜਲੰਧਰ ( ਬਲਦੇਵ ਸਿੰਘ ਬੇਦੀ )** ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਨੂੰ ਸ਼ਰਧਾਂਜਲੀ ਦੇਣ ਲਈ, ਕੇਂਦਰੀ ਸ਼੍ਰੀ ਗੁਰੂ ਸਿੰਘ ਸਭਾ, ਆਈ.ਐਮ.ਸੀ.ਆਰ, ਆਲ ਇੰਡੀਆ ਪੀਸ ਮਿਸ਼ਨ ਅਤੇ ਦਲਿਤ ਮੁਸਲਿਮ ਏਕਤਾ ਮੰਚ ਵੱਲੋਂ ਆਰਕੋ ਪਲੇਸ, ਸਿੰਧੀ ਕੈਂਪ ਜੈਪੁਰ ਵਿਖੇ ਹੱਕ-ਏ-ਅਮਨ ਸੈਮੀਨਾਰ ਦਾ ਆਯੋਜਨ ਕੀਤਾ ਗਿਆ। ਮਨੁੱਖੀ ਅਧਿਕਾਰ ਕਮਿਸ਼ਨ ਦੇ ਚੇਅਰਮੈਨ ਅਤੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਸੇਵਾਮੁਕਤ ਜਸਟਿਸ ਰਣਜੀਤ ਸਿੰਘ ਨੇ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਨੂੰ ਦੁਨੀਆ ਭਰ ਵਿੱਚ ਮਨੁੱਖੀ ਅਧਿਕਾਰਾਂ ਲਈ ਇੱਕ ਬੇਮਿਸਾਲ ਕੁਰਬਾਨੀ ਦੱਸਿਆ। ਪਟਨਾ ਹਾਈ ਕੋਰਟ ਦੇ ਸਾਬਕਾ ਚੀਫ਼ ਜਸਟਿਸ ਡਾ. ਅੰਸਾਰੀ ਨੇ ਧਾਰਮਿਕ ਸਹਿਣਸ਼ੀਲਤਾ ਨੂੰ ਨਿਆਂ ਲਈ ਜ਼ਰੂਰੀ ਦੱਸਿਆ। ਮੁੱਖ ਮਹਿਮਾਨ ਸਾਬਕਾ ਵਿਦੇਸ਼ ਮੰਤਰੀ ਸਲਮਾਨ ਖੁਰਸ਼ੀਦ ਨੇ ਭਾਈਚਾਰਿਆਂ ਨੂੰ ਇਕਜੁੱਟ ਕਰਨ ਬਾਰੇ ਗੱਲ ਕੀਤੀ। ਰਾਜਸਥਾਨ ਗੁਰਦੁਆਰਾ ਪ੍ਰਬੰਧਕ ਸਮਿਤੀ ਦੇ ਹਰਦੀਪ ਸਿੰਘ ਡਿਬਦੀਬਾ, ਕੇਂਦਰੀ ਸ਼੍ਰੀ ਗੁਰੂ ਸਿੰਘ ਸਭਾ ਦੇ ਪ੍ਰੋ. ਸ਼ਿਆਮ ਸਿੰਘ, ਆਲ ਇੰਡੀਆ ਪੀਸ ਮਿਸ਼ਨ ਦੇ ਪ੍ਰਧਾਨ ਦਯਾ ਸਿੰਘ, ਰਾਜ.ਦੇ ਘੱਟ ਗਿਣਤੀ ਕਮਿਸ਼ਨ ਦੇ ਮੈਂਬਰ ਹਰਦੀਪ ਸਿੰਘ, ਆਦਰਸ਼ ਨਗਰ ਅਤੇ ਕਿਸ਼ਨਪੋਲ ਜੈਪੁਰ ਦੇ ਵਿਧਾਇਕਾਂ ਤੋਂ ਇਲਾਵਾ ਹੋਰ ਉੱਘੀਆਂ ਸ਼ਖਸੀਅਤਾਂ ਨੇ ਗੁਰੂ ਸਾਹਿਬ ਨੂੰ ਸ਼ਰਧਾਂਜਲੀ ਭੇਟ ਕੀਤੀ। ਰਾਜਸਥਾਨ ਤੋਂ ਗੁਰਮੁਖੀ ਵਿੱਚ ਪ੍ਰਕਾਸ਼ਿਤ ਇੱਕੋ-ਇੱਕ ਪੰਜਾਬੀ ਸਾਹਿਤਕ ਮੈਗਜ਼ੀਨ 'ਪੈੜਾਂ', ਜਿਸ ਦਾ ਸੰਪਾਦਨ ਰਾਜੇਂਦਰ ਸਿੰਘ ਸਹੂ ਅਤੇ ਡਾ. ਕੁਲਦੀਪ ਸਿੰਘ ਦੁਆਰਾ ਕੀਤਾ ਜਾ ਰਿਹਾ ਹੈ, ਨੂੰ ਸਾਬਕਾ ਵਿਦੇਸ਼ ਮੰਤਰੀ ਸਲਮਾਨ ਖੁਰਸ਼ੀਦ, ਜਸਟਿਸ ਰਣਜੀਤ ਸਿੰਘ (ਸੇਵਾਮੁਕਤ), ਪਟਨਾ ਹਾਈ ਕੋਰਟ ਦੇ ਸਾਬਕਾ ਚੀਫ ਜਸਟਿਸ, ਦਯਾ ਸਿੰਘ, ਸ਼ਿਆਮ ਸਿੰਘ ਅਤੇ ਸੈਮੀਨਾਰ ਵਿੱਚ ਮੌਜੂਦ ਹੋਰ ਉੱਘੀਆਂ ਸ਼ਖਸੀਅਤਾਂ ਨੇ ਰਿਲੀਜ਼ ਕੀਤਾ ਅਤੇ ਮੈਗਜ਼ੀਨ ਦੀ ਸ਼ਲਾਘਾ ਕੀਤੀ ਗਈ। ਸੰਪਾਦਕ ਰਾਜੇਂਦਰ ਸਿੰਘ ਸਹੂ ਨੇ ਗੁਰੂ ਸਾਹਿਬ ਦੀਆਂ ਸਿੱਖਿਆਵਾਂ ਨੂੰ ਯਾਦ ਕਰਦੇ ਹੋਏ, ਭਾਸ਼ਾਵਾਂ ਦੀ ਵੰਨ-ਸੁਵੰਨਤਾ ਦਾ ਸਤਿਕਾਰ ਕਰਨ ਦੇਣ 'ਤੇ ਜ਼ੋਰ ਦਿੱਤਾ, ਅਤੇ ਸੰਸਥਾ ਵੱਲੋਂ ਕੀਤੇ ਜਾ ਰਹੇ ਯਤਨਾਂ ਬਾਰੇ ਜਾਣਕਾਰੀ ਦਿੰਦਿਆਂ 12 ਅਕਤੂਬਰ ਨੂੰ ਗੰਗਾਨਗਰ ਵਿੱਚ ਪੰਜਾਬੀ ਪ੍ਰਤਿਭਾ ਸਨਮਾਨ ਸਮਾਰੋਹ ਅਤੇ 8 ਅਤੇ 9 ਨਵੰਬਰ ਨੂੰ ਪੰਜਾਬ ਭਵਨ ਕੈਨੇਡਾ ਦੇ ਸੁੱਖੀ ਬਾਠ ਦੇ ਸਹਿਯੋਗ ਨਾਲ ਹਨੂੰਮਾਨਗੜ੍ਹ ਵਿੱਚ ਆਯੋਜਿਤ ਕੀਤੇ ਜਾ ਰਹੇ ਰਾਸ਼ਟਰੀ ਪੰਜਾਬੀ ਬਾਲ ਲੇਖਕ ਸੰਮੇਲਨ ਲਈ ਸੱਦਾ ਦਿੱਤਾ, ਜਿਸ ਵਿੱਚ ਵੱਖ-ਵੱਖ ਸੱਭਿਆਚਾਰਕ ਮੁਕਾਬਲਿਆਂ ਤੋਂ ਇਲਾਵਾ, ਪੰਜਾਬੀ ਨਾਟਕ ਅਤੇ ਸੈਮੀਨਾਰ ਦੇ ਨਾਲ-ਨਾਲ ਬੱਚਿਆਂ ਦੁਆਰਾ ਲਿਖੀਆਂ ਦੋ ਕਿਤਾਬਾਂ ਦਾ ਵੀ ਲੋਕ ਅਰਪਣ ਕੀਤਾ ਜਾਵੇਗਾ।

# ਰੱਤੇਵਾਲ ਵਿਖੇ ਤੀਸਰਾ ਕਬੱਡੀ ਕੱਪ ਸਫਲਤਾਪੂਰਵਕ ਸੰਪੰਨ, ਸੀਨੀਅਰ 'ਆਪ' ਆਗੂ ਅਸ਼ੋਕ ਕਟਾਰੀਆ ਨੇ ਕੀਤੀ ਸ਼ਿਰਕਤ...



**ਬਲਾਚੌਰ ( ਜਤਿੰਦਰ ਪਾਲ ਸਿੰਘ ਕਲੇਰ )** ਪਿੰਡ ਰੱਤੇਵਾਲ ਵਿਖੇ ਧੰਨ ਧੰਨ ਸਤਿਗੁਰੂ ਗੰਗਾ ਨੰਦ ਮਹਾਰਾਜ ਜੀ ਦੀ ਪਵਿੱਤਰ ਯਾਦ ਨੂੰ ਸਮਰਪਿਤ ਤੀਸਰਾ ਕਬੱਡੀ ਕੱਪ ਬੜੇ ਉਤਸ਼ਾਹ ਨਾਲ ਆਯੋਜਿਤ ਕੀਤਾ ਗਿਆ। ਇਸ ਖੇਡ ਮੇਲੇ ਵਿੱਚ ਇਲਾਕੇ ਭਰ ਦੀਆਂ ਟੀਮਾਂ ਨੇ ਹਿੱਸਾ ਲਿਆ, ਜਿਸ ਨੇ ਦਰਸ਼ਕਾਂ ਵਿੱਚ ਖੇਡ ਪ੍ਰਤੀ ਭਾਰੀ ਜੋਸ਼ ਪੈਦਾ ਕੀਤਾ। ਇਸ ਸ਼ਾਨਦਾਰ ਸਮਾਗਮ ਵਿੱਚ ਸੀਨੀਅਰ ਆਮ ਆਦਮੀ ਪਾਰਟੀ ਦੇ ਆਗੂ ਅਸ਼ੋਕ ਕਟਾਰੀਆ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਉਨ੍ਹਾਂ ਨੇ ਖਿਡਾਰੀਆਂ ਦੀ ਹੌਸਲਾ ਅਫਜ਼ਾਈ ਕਰਦਿਆਂ ਕਿਹਾ ਕਿ ਖੇਡਾਂ ਸਾਡੀ ਵਿਰਾਸਤ ਦਾ ਅਹਿਮ ਹਿੱਸਾ ਹਨ ਅਤੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰਹਿ ਕੇ ਸਿਹਤਮੰਦ ਜੀਵਨ ਲਈ ਖੇਡਾਂ ਨਾਲ ਜੁੜਨਾ ਚਾਹੀਦਾ ਹੈ। ਅਸ਼ੋਕ ਕਟਾਰੀਆ ਨੇ ਇਸ ਮੌਕੇ ਸਮੂਹ ਪਿੰਡ ਵਾਸੀਆਂ ਨਾਲ ਮਿਲ ਕੇ ਕਬੱਡੀ ਪ੍ਰਤੀ ਆਪਣਾ ਪਿਆਰ ਜਤਾਇਆ ਅਤੇ ਟੂਰਨਾਮੈਂਟ ਦੇ ਸਫਲ ਆਯੋਜਨ ਲਈ ਪ੍ਰਬੰਧਕ ਕਮੇਟੀ ਦੀ ਭਰਪੂਰ ਸ਼ਲਾਘਾ ਕੀਤੀ। ਉਨ੍ਹਾਂ ਨੇ ਨੌਜਵਾਨਾਂ ਨੂੰ ਖੇਡ ਭਾਵਨਾ ਨਾਲ ਖੇਡਣ ਲਈ ਪ੍ਰੇਰਿਤ ਕੀਤਾ ਅਤੇ ਅੱਗੇ ਤੋਂ ਵੀ ਅਜਿਹੇ ਸਮਾਗਮਾਂ ਵਿੱਚ ਸਹਿਯੋਗ ਦੇਣ ਦਾ ਭਰੋਸਾ ਦਿੱਤਾ। ਇਸ ਮੌਕੇ ਨਗਰ ਕੌਂਸਲ ਪ੍ਰਧਾਨ ਸੁਨੀਲ ਕੌਸ਼ਲ , ਵਿਸ਼ੂ ਰਾਣਾ, ਅਜੇ ਕੁਮਾਰ ,ਮਨਜੀਤ ਸਿੰਘ ਅਤੇ ਪਿੰਡ ਵਾਸੀ ਹਾਜ਼ਰ ਸਨ।

# ਮਰਹੂਮ ਜਸਵਿੰਦਰ ਜੱਸੀ ਸਾਬਕਾ ਸਰਪੰਚ ਦੇ ਭੋਗ ਮੌਕੇ ਜੁੜਿਆ ਜਨ - ਸੈਲਾਬ

## ਸੰਘਰਸ਼ੀ ਯੋਧੇ ਨੂੰ ਵੱਖੋ.ਵੱਖਰੀਆਂ ਪਾਰਟੀਆਂ / ਜਥੇਬੰਦੀਆਂ ਦੇ ਆਗੂਆਂ / ਵੱਲੋਂ ਕੀਤੀਆਂ ਸ਼ਰਧਾਂਜਲੀਆਂ ਭੇਟ











**ਰੋਪੜ (ਚਰਨਜੀਤ ਸੱਲ੍ਹਾਂ )** ਖੁਆਸਪੁਰੇ ਪਿੰਡ ਦੇ ਸਾਬਕਾ ਸਰਪੰਚ ਮਰਹੂਮ ਜਸਵਿੰਦਰ ਜੱਸੀ ਪਿਛਲੇ ਦਿਨੀਂ ਆਕਾਲ ਚਲਾਣਾ ਕਰ ਗਏ ਸਨ।

ਉਨ੍ਹਾਂ ਦੇ ਨਮਿਤ ਪਿੰਡ ਦੇ ਹੀ ਸਾਹਿਬ ਕਾਂਸ਼ੀ ਰਾਮ ਯਾਦਗਾਰੀ ਕਮਿਊਨਿਟੀ ਹਾਲ ਵਿਖੇ ਅੱਜ ਮਿਤੀ 05 ਅਕਤੂਬਰ 2025 ਦਿਨ ਐਤਵਾਰ ਨੂੰ ਭੋਗ ਪਾਉਣ ਉਪਰੰਤ ਕੀਰਤਨੀ ਜਥੇ ਵੱਲੋਂ ਵੈਰਾਗਮਈ ਕੀਰਤਨ ਕੀਤਾ ਗਿਆ ਉਪਰੰਤ ਸਮਾਜਿਕ ਜਥੇਬੰਦੀਆਂ ਅਤੇ ਰਾਜਨੀਤਿਕ ਪਾਰਟੀਆਂ ਦੇ ਆਗੂਆਂ ਵੱਲੋਂ ਵਿੱਛੜੇ ਸਾਥੀ ਨੂੰ ਸ਼ਰਧਾ ਦੇ ਫੁੱਲ ਭੇਂਟ ਕੀਤੇ ਗਏ । ਵਿਸ਼ਾਲ ਇਕੱਠ ਨੂੰ ਸੰਬੋਧਨ ਕਰਦਿਆਂ ਮਾਸਟਰ ਜਗਦੀਸ਼ ਸਿੰਘ ਹਵੇਲੀ ਨੇ ਉਨ੍ਹਾਂ ਵੱਲੋਂ ਕੀਤੇ ਲਾਸਾਨੀ ਸੰਘਰਸ਼ ਨੂੰ ਬਹੁਤ ਵਧੀਆ ਸ਼ਬਦਾਂ ਵਿੱਚ ਬਾਖੂਬੀ ਬਿਆਨ ਕੀਤਾ , ਜਥੇਦਾਰ ਗੋਗੀ ਜੀ ਨੇ ਜੱਸੀ ਜੀ ਦੇ ਸੰਘਰਸ਼ ਨੂੰ ਚੇਤੇ ਕਰਦਿਆਂ ਭਾਵਪੂਰਤ ਸ਼ਬਦਾਂ ਵਿੱਚ ਸ਼ਰਧਾਜਲੀ ਭੇਂਟ ਕੀਤੀ , ਸਾਬਕਾ ਵਿਧਾਇਕ ਸ.ਅਮਰਜੀਤ ਸਿੰਘ ਸੰਦੋਆ ਜੀ ਨੇ ਸ਼ਰਧਾਂਜਲੀ ਭੇਂਟ ਕਰਦਿਆਂ ਕਿਹਾ ਕਿ ਪਰਿਵਾਰ ਨਾਲ ਹਮੇਸ਼ਾਂ ਚਟਾਨ ਵਾਂਗ ਹਮੇਸ਼ਾਂ ਖੜ੍ਹੇ ਰਹਾਂਗੇ , ਅਤੇ ਸ਼ਰਧਾਂਜਲੀ ਸਮਾਰੋਹ ਦੇ ਅੰਤ ਵਿੱਚ ਹਲਕਾ ਰੂਪਨਗਰ ਦੇ ਵਿਧਾਇਕ ਐਡਵੋਕੇਟ ਦਿਨੇਸ਼ ਚੱਢਾ ਜੀ ਨੇ ਸੰਬੋਧਨ ਕਰਦਿਆਂ ਕਿਹਾ ਕਿ ਪਰਿਵਾਰ ਦਾ ਹਰੇਕ ਪੱਖ ਤੋਂ ਸਾਥ ਦਿਆਂਗੇ ਤੇ ਕਿਸੇ ਵੀ ਲੈਵਲ ਤੇ ਸਰਪੰਚ ਜੱਸੀ ਜੀ ਦੀ ਘਾਟ ਮਹਿਸੂਸ ਨਹੀਂ ਹੋਣ ਦਿਆਂਗੇ ,ਉਨ੍ਹਾਂ ਨੇ ਜੱਸੀ ਜੀ ਵੱਲੋਂ ਪਿੰਡ ਦੇ ਵਿਕਾਸ ਲਈ ਕੀਤੇ ਕੰਮਾਂ ਦੀ ਸਿਫ਼ਤ ਕਰਦਿਆਂ ਕਿਹਾ ਕਿ ਹਰੇਕ ਪੱਧਰ ਤੇ ਪਿੰਡ ਦਾ ਵਿਕਾਸ ਕਰਨ ਲਈ ਹਰੇਕ ਪੱਖ ਤੋਂ ਧਿਆਨ ਰੱਖਿਆ ਜਾਵੇਗਾ ,ਇਸ ਮੌਕੇ ਉਨ੍ਹਾਂ ਨੇ ਇਹ ਵੀ ਕਿਹਾ ਕਿ ਇਹ ਪਿੰਡ ਬਸਪਾ ਦੇ ਬਾਨੀ ਬਾਬੂ ਕਾਂਸ਼ੀ ਰਾਮ ਜੀ ਦਾ ਜੱਦੀ ਪਿੰਡ ਹੈ। ਇਨ੍ਹਾਂ ਤੋਂ ਇਲਾਵਾ ਸ੍ਰੀ ਅਜੀਤ ਸਿੰਘ ਭੈਣੀ ਸੂਬਾਈ ਆਗੂ ਬਸਪਾ ਨੇ ਜੱਸੀ ਜੀ ਦੇ ਪਰਿਵਾਰ / ਸਮਾਜ ਲਈ ਕੀਤੇ ਸੰਘਰਸ਼ ਨੂੰ ਬਹੁਤ ਹੀ ਖੂਬਸੂਰਤ ਸ਼ਬਦਾਂ ਵਿੱਚ ਬਿਆਨ ਕੀਤਾ ।

ਮੰਚ ਦਾ ਸੰਚਾਲਨ ਡਾਕਟਰ ਕੁਲਜੀਤ ਸਿੰਘ ਫ਼0 ਸਾਬ੍ਹ ਜੀ ਨੇ ਬਹੁਤ ਹੀ ਵਧੀਆ ਤੇ ਭਾਵਪੂਰਤ ਸ਼ਬਦਾਂ ਵਿੱਚ ਕੀਤਾ। ਸ.ਰਜਿੰਦਰ ਸਿੰਘ ਰਾਜਾ ਜਨਰਲ ਸਕੱਤਰ ਬਸਪਾ ਪੰਜਾਬ ਜੀ ਨੇ ਭੋਗ ਮੌਕੇ ਪਹੁੰਚ ਕੇ ਆਪਣੀ ਹਾਜ਼ਰੀ ਲਗਵਾਈ । ਇਸ ਤੋਂ ਪਹਿਲਾਂ ਸਟੇਜ ਸਕੱਤਰ ਸਾਬ੍ਹ ਜੀ ਨੇ ਮਰਹੂਮ ਜਸਵਿੰਦਰ ਸਿੰਘ ਜੱਸੀ ਜੀ ਬਾਰੇ ਅਤੇ ਉਨ੍ਹਾਂ ਦੇ ਪਰਿਵਾਰ ਬਾਰੇ ਵਿਸ਼ੇਸ਼ ਰੂਪ ਵਿੱਚ ਜਾਣਕਾਰੀ ਸਾਂਝੀ ਕੀਤੀ ਅਤੇ ਅੰਤ ਵਿੱਚ ਆਈ ਹੋਈ ਸੰਗਤ ਦਾ ਵਿਸ਼ੇਸ਼ ਰੂਪ ਵਿੱਚ ਧੰਨਵਾਦ ਵੀ ਕੀਤਾ।

ਇਨ੍ਹਾਂ ਤੋਂ ਇਲਾਵਾ ਮੁਲਾਜ਼ਮ ਆਗੂ ਬਨਬਾਰੀ ਲਾਲ ਮੱਟੂ ,ਗੁਰਦਰਸ਼ਨ ਸਿੰਘ ਢੋਲਣਮਾਜਰਾ , ਸਮਰਪਾਲ ਰੋਮੀ , ਐਡਵੋਕੇਟ ਚਰਨਜੀਤ ਸਿੰਘ ਘਈ ਸੀਨੀਅਰ ਬਸਪਾ ਆਗੂ ,ਪ੍ਰੇਮ ਸਿੰਘ ਫਿੱਡੇ ਸਾਬਕਾ ਸਰਪੰਚ , ਥਾਣੇਦਾਰ ਭਾਗ ਸਿੰਘ ਮੋਰਿੰਡਾ ,ਪਰਮਜੀਤ ਸਿੰਘ ਦੁੱਮਣਾ , ਮੱਖਣ ਸਿੰਘ ਸੁਰਤਾਪੁਰ ,ਕਾਮਰੇਡ ਦਿਲਬਾਗ ਸਿੰਘ ਬਾਗੀ ਅਤੇ ਹੋਰ ਬਹੁਤ ਸਾਰੇ ਆਗੂ ਹਾਜ਼ਰ ਸਨ।

ਇਸ ਮੌਕੇ ਵਿਸ਼ੇਸ਼ ਰੂਪ ਵਿੱਚ ਨਿਰਮਲ ਸਿੰਘ ਸੁੰਮਨ ਸਰਪ੍ਰਸਤ ਬਹੁਜਨ ਨਾਇਕ ਸਾਹਿਬ ਕਾਂਸ਼ੀ ਰਾਮ ਯਾਦਗਾਰੀ ਮਿਸ਼ਨ ਸੁਸਾਇਟੀ ਜ਼ਿਲ੍ਹਾ ਰੂਪਨਗਰ ਵੱਲੋਂ ਸਿਹਤ ਨਾਸਾਜ਼ ਹੋਣ ਦੀ ਹਾਲਤ ਵਿੱਚ ਵੀ ਸ਼ੋਕ ਸੰਦੇਸ਼ ਭੇਜਿਆ ਗਿਆ ,ਜਿਸ ਸਬੰਧੀ ਜਗਦੀਸ਼ ਸਿੰਘ ਹਵੇਲੀ ਜੀ ਨੇ ਸੰਗਤਾਂ ਦੇ ਸਨਮੁਖ ਬੋਲ ਕੇ ਦੱਸਿਆ ਗਿਆ ।

ਉਪਰੋਕਤ ਤੋਂ ਮਰਹੂਮ ਜਸਵਿੰਦਰ ਜੱਸੀ ਜੀ ਦੇ ਸਤਿਕਾਰਤ ਪਿਤਾ ਅਜਮੇਰ ਸਿੰਘ ਜੀ , ਭਰਾ ਅਵਤਾਰ ਸਿੰਘ / ਦਿਲਬਾਗ ਸਿੰਘ ਖਾਲਸਾ , ਉਨ੍ਹਾਂ ਦੇ ਪਰਿਵਾਰਕ ਮੈਂਬਰ ,ਬਹੁਤ ਵੱਡੀ ਤਾਦਾਦ ਵਿੱਚ ਰਿਸ਼ਤੇਦਾਰ ਸਨੇਹੀ ,ਇਲਾਕੇ ਦੀਆਂ ਪੰਚਾਇਤਾਂ ਅਤੇ ਅਨੇਕਾਂ ਜਥੇਬੰਦੀਆਂ ਦੇ ਆਗੂ ਹਾਜ਼ਰ ਸਨ।

ਵੇਰਵਾ / ਫੋਟੋਆਂ........ਹਵੇਲੀ

# ਨਿਓਸ ਏਅਰ ਨੇ 8 ਅਕਤੂਬਰ ਤੋਂ ਮਿਲਾਨ ਰਾਹੀਂ ਅੰਮ੍ਰਿਤਸਰ - ਟੋਰਾਂਟੋ ਸੇਵਾ ਕੀਤੀ ਮੁਅੱਤਲ

ਸ੍ਰੀ ਗੁਰੂ ਰਾਮਦਾਸ ਜੀ ਅੰਤਰਰਾਸ਼ਟਰੀ ਹਵਾਈ ਅੱਡਾ ਅੰਮ੍ਰਿਤਸਰ ਦੇ ਅੰਤਰਰਾਸ਼ਟਰੀ ਹਵਾਈ ਸੰਪਰਕ ਨੂੰ ਝਟਕਾ ਦਿੰਦੇ ਹੋਏ ਇਟਲੀ ਦੀ ਨਿਓਸ ਏਅਰ ਨੇ 8 ਅਕਤੂਬਰ, 2025 ਤੋਂ ਮਿਲਾਨ ਰਾਹੀਂ ਆਪਣੀ ਅੰਮ੍ਰਿਤਸਰ-ਟੋਰਾਂਟੋ ਸੇਵਾ ਨੂੰ ਮੁਅੱਤਲ ਕਰਨ ਦਾ ਐਲਾਨ ਕੀਤਾ ਹੈ। ਏਅਰਲਾਈਨ ਵੱਲੋਂ ਆਪਣੀ ਵੈਬਸਾਈਟ ‘ਤੇ ਜਾਰੀ ਕੀਤੇ ਬਿਆਨ ਅਨੁਸਾਰ, ਮਿਲਾਨ ਰਾਹੀਂ ਟੋਰਾਂਟੋ ਲਈ ਉਡਾਣ ਬੰਦ ਕਰਨ ਦਾ ਕਾਰਨ “ਮੌਜੂਦਾ ਅੰਤਰਰਾਸ਼ਟਰੀ ਜੀਓ-ਪੋਲਿਟਿਕਲ (ਭੂ-ਰਾਜਨੀਤਿਕ) ਅਸਥਿਰਤਾ ਅਤੇ ਇਸ ਰੂਟ ਲਈ ਸਵਾਰੀਆਂ ਦੀ ਬੁਕਿੰਗ ਵਿੱਚ ਕਮੀ” ਦੱਸਿਆ ਗਿਆ ਹੈ।

ਫਲਾਈ ਅੰਮ੍ਰਿਤਸਰ ਇਨੀਸ਼ੀਏਟਿਵ ਜੋ ਕਿ ਅੰਮ੍ਰਿਤਸਰ ਤੋਂ ਬਿਹਤਰ ਹਵਾਈ ਸੇਵਾਵਾਂ ਲਈ ਲਗਾਤਾਰ ਕੋਸ਼ਿਸ਼ਾਂ ਕਰ ਰਹੀ ਹੈ, ਨੇ ਇਸ ਉਡਾਣ ਦੇ ਮੁਅੱਤਲ ਹੋਣ ‘ਤੇ ਚਿੰਤਾ ਪ੍ਰਗਟ ਕੀਤੀ ਹੈ। ਪ੍ਰੈਸ ਨੂੰ ਜਾਰੀ ਇੱਕ ਸਾਂਝੇ ਬਿਆਨ ਵਿੱਚ, ਇਨੀਸ਼ੀਏਟਿਵ ਦੇ ਅਮਰੀਕਾ ਸਥਿੱਤ ਗਲੋਬਲ ਕਨਵੀਨਰ ਸਮੀਪ ਸਿੰਘ ਗੁਮਟਾਲਾ ਅਤੇ ਕੈਨੇਡਾ ਤੋਂ ਉੱਤਰੀ ਅਮਰੀਕਾ ਦੇ ਕਨਵੀਨਰ ਅਨੰਤਦੀਪ ਸਿੰਘ ਢਿੱਲੋਂ ਨੇ ਕਿਹਾ, “ਇਹਨਾਂ ਉਡਾਣਾਂ ਦਾ ਮੁਅੱਤਲ ਹੋਣਾ ਕੈਨੇਡਾ ਵਿੱਚ ਹਜ਼ਾਰਾਂ ਪੰਜਾਬੀ ਭਾਈਚਾਰੇ ਦੇ ਮੈਂਬਰਾਂ ਲਈ ਇੱਕ ਵੱਡਾ ਝਟਕਾ ਹੈ ਜੋ ਅੰਮ੍ਰਿਤਸਰ ਲਈ ਇਸ ਸੁਵਿਧਾਜਨਕ ਹਵਾਈ ਸੰਪਰਕ 'ਤੇ ਨਿਰਭਰ ਕਰਦੇ ਹਨ। ਫਲਾਈ ਅੰਮ੍ਰਿਤਸਰ ਇਨੀਸ਼ੀਏਟਿਵ ਅੰਮ੍ਰਿਤਸਰ ਤੋਂ ਕੈਨੇਡਾ ਅਤੇ ਹੋਰਨਾਂ ਮੁਲਕਾਂ ਤੱਕ ਹਵਾਈ ਸੰਪਰਕ ਲਈ ਸਰਕਾਰਾਂ ਅਤੇ ਏਅਰਲਾਈਨਾਂ ਨਾਲ ਉਡਾਣਾਂ ਸ਼ੁਰੂ ਕਰਨ ਲਈ ਵਕਾਲਤ ਜਾਰੀ ਰੱਖਾਂਗੇ।”

ਉਨ੍ਹਾਂ ਅੱਗੇ ਜ਼ੋਰ ਦਿੱਤਾ, “ਨਿਓਸ ਏਅਰ ਨੇ ਅਪ੍ਰੈਲ 2023 ਤੋਂ ਏਅਰ ਇੰਡੀਆ ਅਤੇ ਹੋਰਨਾਂ ਦੇ ਮੁਕਾਬਲੇ ਇੱਕ ਛੋਟੀ ਏਅਰਲਾਈਨ ਹੋਣ ਦੇ ਬਾਵਜੂਦ ਇਸ ਹਵਾਈ ਸੰਪਰਕ ਨੂੰ ਇਹਨੇ ਲੰਮੇ ਸਮੇਂ ਲਈ ਚਲਾਇਆ। ਹੁਣ ਸਮਾਂ ਆ ਗਿਆ ਹੈ ਕਿ ਏਅਰ ਇੰਡੀਆ ਇਸ ਰੂਟ ਦੀ ਮਹੱਤਤਾ ਨੂੰ ਸਮਝੇ ਅਤੇ ਭਵਿੱਖ ਵਿੱਚ ਅੰਮ੍ਰਿਤਸਰ-ਟੋਰਾਂਟੋ ਦਰਮਿਆਨ ਸਿੱਧੀ ਉਡਾਣ ਜਲਦ ਹੀ ਸ਼ੁਰੂ ਕਰੇ। ਏਅਰ ਇੰਡੀਆ ਹੀ ਪੰਜਾਬੀ ਭਾਈਚਾਰੇ ਦੀ ਵਧਦੀ ਮੰਗ ਨੂੰ ਪੂਰਾ ਕਰਨ ਲਈ ਸਭ ਤੋਂ ਵਧੀਆ ਸਥਿਤੀ ਵਿੱਚ ਹੈ।”

ਹਾਲਾਂਕਿ ਹਫਤੇ ‘ਚ ਸਿਰਫ ਇੱਕ ਦਿਨ ਚਲਦੀ ਇਸ ਉਡਾਣ ਦੀ ਮੁਅੱਤਲੀ ਨਿਰਾਸ਼ਾਜਨਕ ਹੈ, ਯਾਤਰੀਆਂ ਕੋਲ ਅਜੇ ਵੀ ਅੰਮ੍ਰਿਤਸਰ ਤੋਂ ਦੋਹਾ ਰਾਹੀਂ ਕਤਰ ਏਅਰਵੇਜ਼ ‘ਤੇ ਟੋਰਾਂਟੋ ਪਹੁੰਚਣ ਦੇ ਵਿਕਲਪ ਹਨ। ਗੁਮਟਾਲਾ ਨੇ ਅੱਗੇ ਕਿਹਾ, "ਏਅਰ ਇੰਡੀਆ ਵੀ ਅੰਮ੍ਰਿਤਸਰ ਨੂੰ ਦਿੱਲੀ ਰਾਹੀਂ ਆਪਣੀ ਸਿੱਧੀ ਉਡਾਣ ਨਾਲ ਜੋੜਦੀ ਹੈ। ਅੰਮ੍ਰਿਤਸਰ ਤੋਂ ਹੋਰ ਅੰਤਰਰਾਸ਼ਟਰੀ ਸੇਵਾਵਾਂ ਨੂੰ ਜਾਇਜ਼ ਠਹਿਰਾਉਣ ਵਾਸਤੇ ਏਅਰਲਾਈਨਾਂ ਲਈ, ਯਾਤਰੀਆਂ ਦੀ ਗਿਣਤੀ ਬਹੁਤ ਮਹੱਤਵਪੂਰਨ ਹੈ। ਪੰਜਾਬੀਆਂ ਨੂੰ ਵੱਧ ਤੋਂ ਵੱਧ ਭਾਂਵੇ ਦਿੱਲੀ ਰਾਹੀਂ ਹੀ ਹੋਵੇ, ਅੰਮ੍ਰਿਤਸਰ ਲਈ ਉਡਾਣ ਲੈਣ ਦੀ ਚੋਣ ਕਰਨੀ ਕਰਨੀ ਚਾਹੀਦੀ ਹੈ। ਅੰਮ੍ਰਿਤਸਰ ਤੋਂ ਮਜ਼ਬੂਤ ਯਾਤਰੀ ਆਵਾਜਾਈ ਏਅਰ ਇੰਡੀਆ ਅਤੇ ਹੋਰਨਾਂ ਏਅਰਲਾਈਨਾਂ ਨਾਲ ਭਵਿੱਖ ਵਿੱਚ ਸਿੱਧੀਆਂ ਸੇਵਾਵਾਂ ਦਾ ਵਿਸਤਾਰ ਕਰਨ ਵਿੱਚ ਸਾਡੀ ਮੰਗ ਨੂੰ ਮਜਬੂਤ ਕਰੇਗੀ।"



Anantdeep Singh Dhillon - Convener North America - FlyAmritsar Initiative



SameepSinghGumtala- Global Convener - FlyAmritsar Initiative

ਢਿੱਲੋਂ ਨੇ ਅਪ੍ਰੈਲ 2023 ਤੋਂ ਟੋਰਾਂਟੋ ਲਈ ਚਲਾਈ ਜਾ ਰਹੀ ਇਸ ਉਡਾਣ ਸੇਵਾ ਲਈ ਨਿਓਸ ਏਅਰ ਦੀ ਸ਼ਲਾਘਾ ਕੀਤੀ। ਉਹਨਾਂ ਅੱਗੇ ਕਿਹਾ, “ਸਾਨੂੰ ਉਮੀਦ ਹੈ ਕਿ ਜਦੋਂ ਸਥਿਤੀ ‘ਚ ਸੁਧਾਰ ਹੋਵੇਗਾ, ਤਾਂ ਨਿਓਸ ਏਅਰ ਇਸ ਰੂਟ ਨੂੰ ਮੁੜ ਸ਼ੁਰੂ ਕਰਨ ਲਈ ਵਿਚਾਰ ਕਰੇਗੀ। ਨਾਲ ਹੀ ਉਹਨਾਂ ਆਸ ਪ੍ਰਗਰ ਕੀਤੀ ਕਿ ਏਅਰਲਾਈਨ ਪੰਜਾਬ ਨਾਲ ਹਵਾਈ ਸੰਪਰਕ ਨੂੰ ਹੋਰ ਮਜਬੂਤ ਕਰਨ ਲਈ ਵੈਨਕੂਵਰ-ਮਿਲਾਨ-ਅੰਮ੍ਰਿਤਸਰ ਰੂਟ ਦੀ ਵੀ ਖੋਜ ਕਰੇਗੀ।“

ਇਸ ਦੌਰਾਨ, ਨਿਓਸ ਏਅਰ ਨੇ ਐਲਾਨ ਕੀਤਾ ਹੈ ਕਿ ਜਿਨ੍ਹਾਂ ਯਾਤਰੀਆਂ ਨੇ ਏਅਰਲਾਈਨ ਦੀ ਵੈਬਸਾਈਟ 'ਤੇ ਟਿਕਟਾਂ ਬੁੱਕ ਕੀਤੀਆਂ ਹਨ, ਉਨ੍ਹਾਂ ਨੂੰ ਈਮੇਲ ਰਾਹੀਂ ਰਿਫੰਡ ਨਿਰਦੇਸ਼ ਪ੍ਰਾਪਤ ਹੋਣਗੇ, ਜਦੋਂ ਕਿ ਜਿਨ੍ਹਾਂ ਨੇ ਟ੍ਰੈਵਲ ਏਜੰਸੀਆਂ ਰਾਹੀਂ ਟਿਕਟਾਂ ਬੁੱਕ ਕੀਤੀਆਂ ਹਨ, ਉਨ੍ਹਾਂ ਨੂੰ ਆਪਣੇ ਏਜੰਟਾਂ ਨਾਲ ਸੰਪਰਕ ਕਰਨ ਦੀ ਸਲਾਹ ਦਿੱਤੀ ਜਾਂਦੀ ਹੈ।

For media inquiries, contact:
Sameep Singh Gumtala
Global Convener, FlyAmritsar Initiative,
Overseas Secretary, Amritsar Vikas Manch (NGO)
Dayton, Ohio, USA
Ph.: +1-937-654-8873 (Cell & WhatsApp)
Yogesh Kamra,
Convener (India), FlyAmritsar Initiative,
General Secretary, Amritsar Vikas Manch (NGO)
Amritsar, Punjab India
Ph.: +91-98762-25251

# ਜ਼ਿਲੇ ‘ਚ ਝੋਨੇ ਦੀ ਖ਼ਰੀਦ ਸੁਚੱਜੇ ਢੰਗ ਨਾਲ ਜਾਰੀ, ਕੁੱਲ ਆਮਦ ਦੀ 99 ਫ਼ੀਸਦੀ ਖ਼ਰੀਦ: ਡਿਪਟੀ ਕਮਿਸ਼ਨਰ

**ਨਵਾਂਸ਼ਹਿਰ (ਜਤਿੰਦਰ ਪਾਲ ਸਿੰਘ ਕਲੇਰ )** ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ ਨੇ ਕਿਸਾਨਾਂ ਨੂੰ ਪੁਰਜ਼ੋਰ ਅਪੀਲ ਕੀਤੀ ਕਿ ਉਹ ਮੰਡੀਆਂ ਵਿੱਚ ਸੁੱਕਾ ਝੋਨਾ ਹੀ ਲੈਕੇ ਆਉਣ ਤਾਂ ਜੋ ਉਨ੍ਹਾਂ ਨੂੰ ਆਪਣੀ ਫਸਲ ਵੇਚਣ ਵਿੱਚ ਕੋਈ ਦਿੱਕਤ ਨਾ ਆ ਸਕੇ। ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ ਨੇ ਦੱਸਿਆ ਕਿ ਜਿਲ੍ਹੇ ਦੀਆਂ ਮੰਡੀਆਂ ਵਿੱਚ ਖਰੀਦ ਪ੍ਰਕਿਰੀਆ ਬਿਨਾਂ ਕਿਸੇ ਅੜਚਨ ਤੋਂ ਲਗਾਤਾਰ ਜਾਰੀ ਹੈ ਅਤੇ ਹੁਣ ਤੱਕ 31532 ਮੀਟਰਿਕ ਟਨ ਝੋਨੇ ਦੀ ਆਮਦ ਹੋ ਚੁੱਕੀ ਹੈ ਜਿਸ ਵਿਚੋਂ ਕੁੱਲ 31240 ਮੀਟਰਿਕ ਟਨ ਝੋਨਾ ਖਰੀਦਿਆ ਜਾ ਚੁੱਕਾ ਹੈ । ਉਨ੍ਹਾਂ ਦੱਸਿਆ ਕਿ ਵੱਖ-ਵੱਖ ਖਰੀਦ ਏਜੰਸੀਆਂ ਵੱਲੋਂ ਝੋਨੇ ਦੀ ਨਿਰਵਿਘਨ ਖਰੀਦ ਕੀਤੀ ਜਾ ਰਹੀ ਹੈ ਅਤੇ ਕਿਸਾਨਾਂ, ਆੜ੍ਹਤੀਆਂ ਅਤੇ ਮਜਦੂਰਾਂ ਨੂੰ ਮੰਡੀਆਂ ਵਿੱਚ ਕਿਸੇ ਵੀ ਕਿਸਮ ਦੀ ਪਰੇਸ਼ਾਨੀ ਦਾ ਸਾਹ-ਮਣਾ ਨਹੀਂ ਕਰਨਾ ਪਵੇਗਾ । ਉਨ੍ਹਾਂ ਕਿਹਾ ਕਿ 17 ਨਮੀਂ ਵਾਲਾ ਝੋਨਾ ਹੀ ਮੰਡੀਆਂ ਵਿੱਚ ਲਿਆਉਣ ਨੂੰ ਤਰਜੀਹ ਦਿੱਤੀ ਜਾਵੇ ਜਿਸ ਨਾਲ ਕਿਸਾਨਾਂ ਦੀ ਫਸਲ ਨੂੰ ਨਾਲੋ-ਨਾਲ ਖਰੀਦ ਕੀਤਾ ਜਾ ਸਕੇਗਾ । ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਜਿਲ੍ਹੇ ਦੀਆਂ ਮੰਡੀਆਂ ਵਿੱਚ ਆਈ ਕੁੱਲ ਫਸਲ ’ਚੋਂ 99 ਫੀਸਦੀ ਝੋਨੇ ਦੀ ਖਰੀਦ ਕੀਤੀ ਜਾ ਚੁੱਕੀ ਹੈ ਅਤੇ 48 ਘੰਟਿਆਂ ਵਿੱਚ ਲਗਾਤਾਰ ਅਦਾਇਗੀਆਂ ਕੀਤੀਆਂ ਜਾ ਰਹੀਆਂ ਹਨ ਅਤੇ ਹੁਣ ਤੱਕ ਕਿਸਾਨਾਂ ਦੇ ਖਾਤਿਆਂ ਵਿੱਚ 69.58 ਕਰੋੜ ਰੁਪਏ ਦੀ ਅਦਾਇਗੀ ਹੋ ਚੁੱਕੀ ਹੈ । ਉਨ੍ਹਾਂ ਦੱਸਿਆ ਕਿ ਲਿਫਟਿੰਗ ਵੀ ਨਾਲੋ-ਨਾਲ ਯਕੀਨੀ ਬਣਾਈ ਜਾ ਰਹੀ ਹੈ ਤਾਂ ਜੋ ਮੰਡੀਆਂ ਵਿੱਚ ਝੋਨਾ ਜਮ੍ਹਾਂ ਨਾ ਹੋ ਸਕੇ ।



**ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ ਜਿਲ੍ਹੇ ਦੀਆਂ ਮੰਡੀਆਂ ਵਿੱਚ ਝੋਨੇ ਦੀ ਖਰੀਦ ਬਾਰੇ ਜਾਣਕਾਰੀ ਦਿੰਦੇ ਹੋਏ।**

# ਲੋਕ ਇਨਸਾਫ਼ ਮੰਚ ਵਲੋਂ ਤਲਵਣ ਰੋਡ ਫ਼ਿਲੌਰ ਗੋਪਾਲ ਕਾਲੋਨੀ, ਇੰਦਰਾਂ ਕਲੋਨੀ ਪਿੰਡ ਨੰਗਲ ਦੇ ਸੜਕ ਵਿੱਚ ਪੈ ਰਹੇ ਗੰਦੇ ਪਾਣੀ ਦੀ ਨਿਕਾਸੀ ਦਾ ਮਸਲਾ ਹੱਲ ਕਰਨ ਸੰਬੰਧੀ ਬੀ ਡੀ ਪੀ ਓ ਫ਼ਿਲੌਰ ਨੂੰ ਦਿੱਤਾ ਮੰਗ ਪੱਤਰ

## ਜੇਕਰ ਮਸਲਾ ਜਲਦ ਹੱਲ ਨਾ ਹੋਇਆ ਤਾਂ ਲੱਗੇਗਾ ਪੱਕਾ ਧਰਨਾ:- ਜਰਨੈ.ਲ ਫ਼ਿਲੌਰ

**ਫ਼ਿਲੌਰ, ਅੱਪਰਾ, (ਦੀਪਾ)-** ਲੋਕ ਇਨਸਾਫ਼ ਮੰਚ ਵਲੋਂ ਗੋਪਾਲ ਕਾਲੋਨੀ, ਇੰਦਰਾਂ ਕਲੋਨੀ ਪਿੰਡ ਨੰਗਲ ਤਹਸੀਲ ਫ਼ਿਲੌਰ ਦਾ ਗੰਦਾ ਪਾਣੀ ਦਾ ਨਿਕਾਸ ਕਰਾਉਣ ਲਈ ਇੱਕ ਮੰਗ ਪੱਤਰ ਜਰਨੈਲ ਫ਼ਿਲੌਰ ਦੀ ਅਗਵਾਈ ਵਿੱਚ ਬੀ ਡੀ ਪੀ ਓ ਫ਼ਿਲੌਰ ਦੀ ਗੈਰ ਹਾਜ਼ਰੀ ਵਿੱਚ ਪੰਚਾਇਤ ਅਫਸਰ ਦਲਵੀਰ ਸਿੰਘ ਨੂੰ ਦਿੱਤਾ ਗਿਆ। ਇਸ ਮੌਕੇ ਆਗੂਆਂ ਸਰਬਜੀਤ ਕੁਮਾਰ ਸਾਬਕਾ ਸਰਪੰਚ ਰਾਮਗੜ੍ਹ, ਮਾਸਟਰ ਹੰਸ ਰਾਜ, ਡਾਕਟਰ ਸੰਦੀਪ ਕੁਮਾਰ, ਹਨੀ ਸੰਤੋਖਪੁਰਾ, ਸਰੂਪ ਕਲੇਰ, ਮੱਖਣ ਸੰਤੋਖਪੁਰਾ, ਰਾਜ ਕਪੂਰ ਨੰਗਲ, ਅਤੇ ਗੋਰਾ ਨੰਗਲ ਨੇ ਕਿਹਾ ਕਿ ਕਈ ਮਹੀਨਿਆਂ ਤੋਂ ਤਲਵਣ ਰੋਡ ਸੜਕ ਵਿੱਚ ਪੈ ਰਿਹਾ ਹੈ ਜਿਸ ਕਾਰਣ ਸਾਰੀ ਸੜਕ ਟੁੱਟ ਗਈ ਹੈ ਅਤੇ ਰਾਹਗੀਰਾਂ ਨੂੰ ਬਹੁਤ ਪ੍ਰੇਸ਼ਨੀ ਹੁੰਦੀਂ ਹੈ ਅਤੇ ਖ਼ਾਸ ਕਰਕੇ ਵਿਦਿਆਰਥੀਆਂ ਨੂੰ ਸਕੂਲਾਂ ਕਾਲਜਾਂ ਨੂੰ ਜਾਣ ਲਈ ਬਹੁਤ ਦਿੱਕਤ ਪੇਸ਼ ਆਉਂਦੀ ਹੈ ਅਤੇ ਬਿਮਾਰੀਆਂ ਫੈਲਣ ਦਾ ਵੀ ਵੱਡਾ ਖ਼ਤਰਾ ਹੈ ਅਤੇ ਸੜਕ ਦੇ ਵਿੱਚ ਖੱਡੇ ਪੈਣ ਅਤੇ ਕਿਨਾਰੇ ਟੁੱਟਣ ਕਾਰਨ ਅਕਸਰ ਵਾਹਨਾਂ ਦੇ ਐਕਸੀਡੈਂਟ ਹੋ ਰਹੇ ਹਨ ਜਿਸ ਕਾਰਨ ਕਿਸੇ ਦਾ ਵੀ ਜਾਨੀ ਮਾਲੀ ਨੁਕਸਾਨ ਹੋ ਸਕਦਾ ਹੈ ਪਹਿਲਾਂ ਵੀ ਤਲਵਣ ਰੋਡ ਤੇ ਸੜਕ ਬੀਤੇ ਦਿਨੀਂ ਸਰੀਏ ਦਾ ਭਰਿਆ ਟਰੱਕ ਉ.ਲਟ ਗਿਆ ਸੀ। ਇਸ ਗੰਦੇ ਪਾਣੀ ਦੀ ਸਮੱਸਿਆ ਬੀਤੇ ਦਿਨੀਂ ਡੀ ਡੀ ਪੀ ਓ ਜਲੰਧਰ ਦੇ ਧਿਆਨ ਵਿੱਚ ਵੀ ਲਿਆ ਚੁੱਕੇ ਹਾਂ ਪਰ ਹਾਲੇ ਤੱਕ ਕੋਈ ਨਹੀਂ ਹੋਇਆ। ਆਪ ਜੀ ਨੂੰ ਬੇਨਤੀ ਹੈ ਕਿ ਜਲਦ ਤੋਂ ਜਲਦ ਗੰਦੇ ਪਾਣੀ ਦੀ ਨਿਕਾਸੀ ਦਾ ਮਸਲਾ ਹੱਲ ਕੀਤਾ ਜਾਵੇ। ਆਗੂਆਂ ਨੇ ਚਿਤਾਵਨੀ ਦਿੱਤੀ ਕਿ ਅਗਰ ਦੋ ਹਫ਼ਤੇ ਦੇ ਅੰਦਰ ਅੰਦਰ ਕੋਈ ਹੱਲ ਨਹੀਂ ਕੀਤਾ ਗਿਆ ਤਾਂ ਲੋਕ ਇਨਸਾਫ਼ ਮੰਚ ਪੰਜਾਬ ਵਲੋਂ ਸਥਾਨਿਕ ਲੋਕਾਂ ਅਤੇ ਭਰਾਤਰੀ ਜਥੇਬੰਦੀਆਂ ਨੂੰ ਨਾ.ਲ ਲੈਕੇ ਪੱਕਾ ਧਰਨਾ ਲੱਗਿਆ ਜਾਵੇਗਾ ਜਿਸ ਦੀ ਜਿੰਮੇਵਾਰੀ ਆਪ ਦੇ ਦਫ਼ਤਰ ਅਤੇ ਸਥਾਨਿਕ ਪ੍ਰਸ਼ਾਸ਼ਨ ਦੀ ਹੋਵੇਗੀ।



# 'ਪ੍ਰਭ ਆਸਰਾ, ਕੁਰਾਲ਼ੀ' ਦੀ ਖਿਡਾਰਨ 'ਰਾਮੋ' ਨੇ ਭਰੀ ਅੰਤਰ-ਰਾਸ਼ਟਰੀ ਉਡਾਰੀ

## ਪੋਲੈਂਡ ਵਿਖੇ 'ਸ਼ਪੈਸਲ ਓਲੰਪਿਕ ਵਾਲੀਵਾਲ ਵਰਲਡ ਕੱਪ: 2025' ਲਈ ਬਣੀ ਭਾਰਤੀ ਟੀਮ ਦਾ ਹਿੱਸਾ

**ਕੁਰਾਲ਼ੀ, (ਰੋਮੀ ਘੜਾਮਾਂ):** ਨਿਆਸਰਿਆਂ ਲਈ ਆਸਰੇ ਵਜੋਂ ਪ੍ਰਸਿੱਧ ਸੰਸਥਾ ਪ੍ਰਭ ਆਸਰਾ, ਕੁਰਾਲ਼ੀ ਦੇ ਸ਼ਪੈਸਲ ਖਿਡਾਰੀਆਂ/ਖਿਡਾਰਨਾਂ ਵੱਲੋਂ ਮਾਰੀਆਂ ਜਾਂਦੀਆ ਮੱਲਾਂ ਅਕਸਰ ਚਰਚਾ ਦਾ ਵਿਸ਼ਾ ਬਣੀਆਂ ਰਹਿੰਦੀਆਂ ਹਨ। ਇਸੇ ਲੜੀ ਤਹਿਤ ਹੁਣ ਇੱਥੋਂ ਦੀ ਵਾਸੀ 'ਰਾਮੋ ਦੇਵੀ' ਕੌਮਾਂਤਰੀ ਖਿਡਾਰਨ ਦੇ ਤੌਰ 'ਤੇ ਉਡਾਰੀ ਭਰ ਚੁੱਕੀ ਹੈ। ਸੰਸਥਾ ਮੁਖੀ ਭਾਈ ਸ਼ਮਸ਼ੇਰ ਸਿੰਘ ਅਤੇ ਬੀਬੀ ਰਜਿੰਦਰ ਕੌਰ ਨੇ ਦੱਸਿਆ ਕਿ ਸ਼ਪੈਸਲ ਓਲੰਪਿਕ ਭਾਰਤ, ਸੰਸਥਾ ਵੱਲੋਂ ਅਲੱਗ ਤੋਂ ਖ਼ਾਸ (iDfferently abled) ਬੱਚਿਆਂ ਦੇ ਸਟੇਟ, ਨੈਸ਼ਨਲ ਅਤੇ ਇੰਟਰ-ਨੈਸ਼ਨਲ ਖੇਡ ਮੁਕਾਬਲੇ ਕਰਵਾਏ ਜਾਂਦੇ ਹਨ। ਜਿੰਨ੍ਹਾਂ ਵਿੱਚੋਂ ਇਸ ਵਾਰ ਦਾ 'ਸ਼ਪੈਸਲ ਓਲੰਪਿਕ ਯੂਨੀਫਾਈਡ ਵਾਲੀਵਾਲ ਵਰਲਡ




ਕੱਪ: 2025' ਪੋਲੈਂਡ ਵਿਖੇ ਹੋ ਰਿਹਾ ਹੈ। ਉਕਤ ਕੱਪ ਖੇਡਣ ਲਈ ਜਾ ਰਹੀ ਭਾਰਤੀ ਟੀਮ ਵਿੱਚ ਪੰਜਾਬ ਦੀ ਇੱਕੋ-ਇੱਕ ਖਿਡਾਰਨ 'ਰਾਮੋ ਦੇਵੀ' ਸ਼ਾਮਲ ਹੈ। ਜੋ ਕਿ ਪ੍ਰਭ ਆਸਰਾ ਸਮੇਤ ਪੂਰੇ ਪੰਜਾਬ ਲਈ ਮਾਣ ਵਾਲ਼ੀ ਗੱਲ ਹੈ। ਜ਼ਿਕਰਯੋਗ ਹੈ ਕਿ ਪ੍ਰਭ ਆਸਰਾ ਵਿੱਚ ਇਲਾਜ ਤੇ ਸਾਂਭ-ਸੰਭਾਲ਼ ਅਧੀਨ ਰਹਿੰਦੇ ਨਾਗਰਿਕਾਂ ਨੂੰ ਖੇਡਾਂ ਪ੍ਰਤੀ ਉਤਸ਼ਾਹਿਤ ਕਰਨ ਅਤੇ ਅਗਲੇਰੇ ਸਮੁੱਚੇ ਪ੍ਰਬੰਧਾਂ ਦੀ ਵਾਗਡੋਰ ਬੀਬੀ ਰਜਿੰਦਰ ਕੌਰ ਨੇ ਸਾਂਭੀ ਹੋਈ ਹੈ। ਜੋ ਵੱਡੇ ਤੜਕੇ ਤੋਂ ਹੀ ਇਹਨਾਂ ਦੇ ਅਭਿਆਸ ਤੋਂ ਲੈ ਕੇ ਮੁਕਾਬਲਿਆਂ ਤੱਕ ਖੁਦ ਸ਼ਾਮਲ ਰਹਿੰਦੇ ਹਨ। ਜਿਸ ਦੇ ਨਤੀਜੇ ਵਜੋਂ ਹੀ ਸਾਲ ਪਹਿਲਾਂ ਇੱਥੇ ਅਸਥਿਰ ਮਾਨਸਿਕ ਸਿਹਤ ਦੇ ਚਲਦਿਆਂ ਤਰਸਯੋਗ ਹਾਲਤ ਵਿੱਚ ਪਹੁੰਚੀ ਰਾਮੋ ਅੱਜ ਜਿਲ੍ਹਾ, ਰਾਜ ਤੇ ਨੈਸ਼ਨਲ ਮੁਕਾਬਲਿਆਂ ਵਿੱਚ ਸ਼ਾਨਦਾਰ ਤੇ ਦਮਦਾਰ ਪ੍ਰਦਰਸ਼ਨ ਕਰਦੀ-ਕਰਦੀ ਇੰਟਰਨੈਸ਼ਨਲ ਮੁਕਾਮ ਤੱਕ ਪਹੁੰਚੀ ਹੈ।

# ਮਾਮਲਾ ਅੱਪਰਾ ਦੇ ਦੋ ਮੁਹੱਲਿਆਂ ਦੇ ਘਰਾਂ ਉੱਪਰੋਂ ਪਿਛਲੇ 40 ਸਾਲਾਂ ਤੋਂ ਗੁਜ਼ਰਦੀਆਂ ਹਾਈ ਵੋਲਟੇਜ ਤਾਰਾਂ ਨੂੰ ਪਹਿਲ ਦੇ ਆਧਾਰ 'ਤੇ ਹਟਾਉਣ ਦਾ

**● ਗ੍ਰਾਮ ਪੰਚਾਇਤ ਅੱਪਰਾ ਤੇ ਮੁਹੱਲਾ ਵਾਸੀਆਂ ਨੇ ਪ੍ਰਿੰਸੀਪਲ ਪ੍ਰੇਮ ਕੁਮਾਰ, ਸਮੂਹ 'ਆਪ' ਟੀਮ ਤੇ ਪਾਵਰਕਾਮ ਦੇ ਅਫ਼ਸਰਾਂ ਨੂੰ ਕੀਤਾ ਸਨਮਾਨਿਤ ● ਇੰਚਾਰਜ ਪ੍ਰਿੰਸੀਪਲ ਪ੍ਰੇਮ ਕੁਮਾਰ ਤੇ ਜਿਲਾ ਪਲਾਨਿੰਗ ਬੋਰਡ ਦੇ ਚੇਅਰਮੈਨ ਸ੍ਰੀ ਅੰਮ੍ਰਿਪਾਲ ਦਾ ਕੀਤਾ ਵਿਸ਼ੇਸ਼ ਧੰਨਵਾਦ**

**ਫਿਲੌਰ/ਅੱਪਰਾ, (ਦੀਪਾ)-** ਅੱਪਰਾ ਦੇ ਮੁਹੱਲਾ ਡਾ. ਅੰਬੇਡਕਰ ਨਗਰ ਤੇ ਮੁਹੱਲਾ ਢਾਬ ਵਾਲਾ ਵਿਖੇ ਸ਼ੰਘਣੀ ਅਬਾਦੀ ਵਾਲੇ ਘਰਾਂ ਦੇ ਉੱਪਰੋਂ ਪਿਛਲੇ 40 ਸਾਲਾਂ ਤੋਂ ਗੁਜ਼ਰਦੀਆਂ ਬਿਜਲੀ ਦੀਆਂ 11 ਹਜ਼ਾਰ ਕੇ. ਵੀ ਦੀਆਂ ਹਾਈ ਵੋਲਟੇਜ ਤਾਰਾਂ ਨੂੰ ਹਟਾਉਣ ਦਾ ਕੰਮ ਸ਼ੁਰੂ ਹੋ ਗਿਆ ਹੈ । ਪਿਛਲੇ ਲਗਭਗ 40 ਸਾਲਾਂ ਤੋਂ ਲਟਕਦੀ ਆ ਰਹੀ ਇਸ ਸਮੱਸਿਆ ਨੂੰ ਆਪ ਦੇ ਹਲਕਾ ਫਿਲੌਰ ਦੇ ਇੰਚਾਰਜ ਪ੍ਰਿੰਸੀਪਲ ਪ੍ਰੇਮ ਕੁਮਾਰ ਵਾਈਸ ਚੇਅਰਮੈਨ ਪੰਜਾਬ ਸਕੂਲ ਸਿੱਖਿਆ ਬੋਰਡ ਤੇ 'ਆਪ' ਦੀ ਸਮੂਹ ਟੀਮ ਨੇ ਪਹਿਲ ਦੇ ਆਧਾਰ 'ਤੇ ਹਲ ਕਰਵਾ ਦਿੱਤਾ । ਗੌਰਕਰਨ ਯੋਗ ਹੈ ਕਿ ਅੱਪਰਾ ਦੇ ਦੋਵਾਂ ਮੁਹੱਲਿਆਂ ਤੋਂ ਲੰਘਦੀਆਂ ਇਨਾਂ ਹਾਈ ਵੋਲਟੇਜ ਤਾਰਾਂ ਨੂੰ ਹਟਾਉਣ ਲਈ ਮੁਹੱਲਾ ਵਾਸੀਆਂ ਵਲੋਂ ਕਈ ਲਿਖਤੀ ਸ਼ਿਕਾਇਤਾਂ ਦਿੱਤੀਆਂ ਗਈਆਂ, ਇੱਥੋਂ ਤੱਕ ਕਿ ਪਾਵਰਕਾਮ ਉੱਪ ਮੰਡਲ ਅੱਪਰਾ ਦੇ ਬਾਹਰ ਪੱਕਾ ਧਰਨਾ ਵੀ ਲਗਾਇਆ



ਗਿਆ ਸੀ । ਪਰੰਤੂ ਫਿਰ ਵੀ ਉਕਤ ਸਮੱਸਿਆ ਦਾ ਕੋਈ ਠੋਸ ਹਲ ਨਹੀਂ ਨਿਕਲ ਸਕਿਆ ਸੀ । ਹੁਣ ਹਾਈ ਵੋਲਟੇਜ ਤਾਰਾਂ ਨੂੰ ਹਟਾਉਣ ਲਈ ਨਵੇਂ ਖੰਭੇ ਲਗਾਉਣ ਦਾ ਕੰਮ ਲਗਭਗ ਮੁਕੰਮਲ ਹੋ ਗਿਆ ਹੈ । ਉਕਤ ਸਮੱਸਿਆ ਦੇ ਹਲ ਲਈ ਬਣਦੇ ਖਰਚੇ ਦੀ ਸਾਰੀ ਰਕਮ ਪੰਜਾਬ ਸਰਕਾਰ ਵਲੋਂ ਦਿੱਤੀ ਗਈ ਹੈ । ਪਿੰਡ ਵਾਸੀਆਂ ਤੇ ਗ੍ਰਾਮ ਪੰਚਾਇਤ ਅੱਪਰਾ ਵਲੋਂ ਅੱਜ ਕਰਵਾਏ ਗਏ ਸਾਦੇ ਪਰ ਪ੍ਰਭਾਵਸ਼ਾਲੀ ਸਨਮਾਨ ਸਮਾਰੋਹ ਦੌਰਾਨ ਪ੍ਰਿੰਸੀਪਲ ਪ੍ਰੇਮ ਕੁਮਾਰ ਹਲਕਾ ਇੰਚਾਰਜ ਫਿਲੌਰ, ਅੰਮ੍ਰਿਪਾਲ ਸਿੰਘ ਚੇਅਰਮੈਨ ਜਿਲਾ ਯੋਜਨਾ ਬੋਰਡ ਤੇ ਜਿਲਾ ਸ਼ਹਿਰੀ ਪ੍ਰਧਾਨ, ਪਰਦੀਪ ਦੁੱਗਲ ਜਿਲਾ ਪ੍ਰਧਾਨ, ਸੰਜੇ ਅਟਵਾਲ ਸੰਗਠਨ ਇੰਚਾਰਜ, ਸ. ਸੁਖਦੀਪ ਸਿੰਘ ਅੱਪਰਾ ਚੇਅਰਮੈਨ ਮਾਰਕੀਟ ਕਮੇਟੀ ਫਿਲੌਰ, ਬਲਵੀਰ ਛੋਕਰ ਹਲਕਾ ਪ੍ਰਧਾਨ, ਹਰਮਕਲ ਸਿੰਘ ਸਰਪੰਚ ਬੇਗਮਪੁਰ, ਵਿਨੈ ਅੱਪਰਾ ਸਰਪੰਚ, ਸ੍ਰੀ ਰਮੇਸ਼ਵਰ ਹਲਕਾ ਪ੍ਰਧਾਨ ਤੇ ਸਰਪੰਚ ਕੰਗ ਜਗੀਰ, ਭੈਵਭ ਸ਼ਰਮਾ ਹਲਕਾ ਕੋਆਰਡੀਨੇਟਰ, ਪਰਮਜੀਤ ਭਾਰਤੀ, ਪਾਵਰਕਾਮ ਦੇ ਐਕਸੀਅਨ ਸੁਖਵੀਰ ਸਿੰਘ ਧੀਮਾਨ ਤੇ ਹੋਰ ਆਪ ਆਗੂ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ । ਪਿੰਡ ਵਾਸੀਆਂ ਨੇ ਗ੍ਰਾਮ ਪੰਚਾਇਤ ਵਲੋਂ ਪ੍ਰਿੰਸੀਪਲ ਪ੍ਰੇਮ ਕੁਮਾਰ, 'ਆਪ' ਟੀਮ ਤੇ ਪਾਵਰਕਾਮ ਦੇ ਅਧਿਕਾਰੀਆਂ ਦਾ ਇਸ ਸਮੱਸਿਆ ਦੇ ਹਲ ਲਈ ਵਿਸ਼ੇਸ਼ ਸਨਮਾਨ ਕੀਤਾ ਗਿਆ । ਇਸ ਮੌਕੇ ਬੋਲਦਿਆਂ ਪ੍ਰਿੰਸੀਪਲ ਪ੍ਰੇਮ ਕੁਮਾਰ ਨੇ ਕਿਹਾ ਕਿ ਪੰਜਾਬ ਦੀ ਸੱਤਾਧਾਰੀ 'ਆਪ' ਸਰਕਾਰ ਦਾ ਮੁੱਖ ਮਕਸਦ ਹੀ ਆਮ ਲੋਕਾਂ ਨੂੰ ਪੇਸ਼ ਆ ਰਹੀਆਂ ਸਮੱਸਿਆਵਾਂ ਨੂੰ ਦੂਰ ਕਰਨਾ ਹੈ । ਇਸ ਮੌਕੇ ਸਰਪੰਚ ਵਿਨੈ ਅੱਪਰਾ, ਜਤਿੰਦਰ ਸਿੰਘ ਕਾਲਾ ਯੂਥ ਪ੍ਰਧਾਨ ਆਪ ਜਿਲਾ ਜਲੰਧਰ (ਦਿਹਾਤੀ), ਲਾਲੀ ਅੱਪਰਾ, ਨੀਲਮ ਦੇਵੀ ਪੰਚ, ਸੀਮਾ ਰਾਣੀ ਪੰਚ, ਹਰਬੰਸ ਲਾਲ ਪੰਚ, ਰੂਪ ਲਾਲ ਪੰਚ, ਮੋਹਣ ਲਾਲ ਪੰਚ, ਕੁਲਦੀਪ ਸਿੰਘ ਜੌਹਲ ਪੰਚ, ਪਰਮਜੀਤ ਸਿੰਘ ਕਾਲਾ ਪੰਚ, ਹਰਜੀਤ ਸਿੱਧੂ ਪੰਚ, ਕਾਜਲ ਅਰੋੜਾ ਪੰਚ, ਪਰਮਜੀਤ ਪੰਚ, ਲਖਨਜੀਤ ਕੌਰ ਦਾਦਰਾ ਪੰਚ, ਮੁਕੇਸ਼ ਦਾਦਰਾ ਭਾਜਪਾ ਆਗੂ, ਰੂਪ ਲਾਲ ਬੰਗੜ, ਸੋਮ ਨਾਥ ਸਾਬਕਾ ਪੰਚ, ਹਰਮੇਸ਼ ਚੰਦੜ ਸਾਬਕਾ ਪੰਚ, ਦੀਪਕ ਨਾਹਰ ਪ੍ਰਧਾਨ, ਰਛਪਾਲ ਸਿੰਘ ਲਸਾੜਾ, ਅਵਤਾਰ ਸਿੰਘ ਤਾਰੀ ਢੱਕ ਮਜਾਰਾ, ਦਵਿੰਦਰ ਸਿੰਘ ਅੱਪਰਾ, ਮਾ. ਬਲਵੀਰ ਸਿੰਘ ਮੋਂਰੋਂ, ਮਨਜੀਤ ਪੁਆਰੀ, ਨੰਬਰਦਾਰ ਕੇਸ਼ੀ ਕਲੇਰ ਮੰਡੀ, ਗੁਰਵਿੰਦਰ ਰਾਮ ਸਰਪੰਚ ਦਿਆਲਪੁਰ ਵੀ ਹਾਜ਼ਰ ਸਨ ।

for more news visit:
www.samajweekly.com

# ਲੀਗਲ ਅਵੇਅਰਨੈਸ ਮੰਚ ਨੇ ਜੱਜ 'ਤੇ ਚੱਪਲ ਸੁੱਟਣ ਵਾਲੇ ਦੋਸ਼ੀ ਵਕੀਲ ਵਿਰੁੱਧ ਸਖਤ ਤੋਂ ਸਖਤ ਕਾਰਵਾਈ ਕਰਨ ਦੀ ਮੰਗ ਕੀਤੀ

**ਜਲੰਧਰ, (ਪਰਮਜੀਤ ਜੱਸਲ)** - ਲੀਗਲ ਅਵੇਅਰਨੈਸ ਮੰਚ ਪੰਜਾਬ ਨੇ ਸਰਬਸੰਮਤੀ ਨਾਲ ਇਕ ਮਤਾ ਪਾਸ ਕੀਤਾ ਹੈ। ਜਿਸ ਸਬੰਧੀ ਸੰਸਥਾ ਦੇ ਜਨਰਲ ਸਕੱਤਰ ਐਡਵੋਕੇਟ ਹਰਭਜਨ ਸਾਂਪਲਾ ਨੇ ਪ੍ਰੈਸ ਨੂੰ ਦੱਸਿਆ ਕਿ ਮਾਨਯੋਗ ਸੁਪਰੀਮ ਕੋਰਟ ਦੇ ਮੁੱਖ ਜੱਜ ਸ੍ਰੀ ਗਵਈ ਉੱਪਰ ਚੱਪਲ ਸੁੱਟਣ ਦੀ ਘਟਨਾ ਨਿੰਦਣਯੋਗ ਹੈ। ਕੇਂਦਰ ਸਰਕਾਰ ਦੋਸ਼ੀ ਵਕੀਲ ਵਿਰੁੱਧ ਸਖਤ ਤੋਂ ਸਖਤ ਕਾਨੂੰਨੀ ਕਾਰਵਾਈ ਕਰੇ। ਇਸ ਘਟਨਾ ਨਾਲ ਕਾਨੂੰਨ ਦੀਆਂ ਧੱਜੀਆਂ ਉੱਡੀਆਂ







ਹਨ ।ਮਾਨਯੋਗ ਸੁਪਰੀਮ ਕੋਰਟ ਦੇ ਮੁੱਖ ਜੱਜ ਦਾ ਅਪਮਾਨ ਹੀ ਨਹੀਂ ਸਗੋਂ ਸੰਵਿਧਾਨ ਦਾ ਵੀ ਅਪਮਾਨ ਕੀਤਾ ਗਿਆ ਹੈ। ਦੋਸ਼ੀ ਵਕੀਲ 'ਤੇ ਦੇਸ਼ ਧਰੋਹੀ ਦਾ ਪਰਚਾ ਦਰਜ ਕਰਕੇ ਤੁਰੰਤ ਸਖਤ ਤੋਂ ਸਖਤ ਕਾਨੂੰਨੀ ਕਾਰਵਾਈ ਕੀਤੀ ਜਾਵੇ। ਦੂਸਰਾ ਪੰਜਾਬ ਤੋਂ ਰਾਜ ਸਭਾ ਸੀਟ ਲਈ ਪੰਜਾਬ ਸਰਕਾਰ ਨੇ ਕਿਸੇ ਵੀ ਦਲਿਤ ਵਿਅਕਤੀ ਦਾ ਨਾਂ ਨਾਮਜ਼ਦ ਨਹੀਂ ਕੀਤਾ,ਜੋ ਨਿੰਦਣ ਯੋਗ ਹੈ। ਇਸ ਤੋਂ ਪੰਜਾਬ ਸਰਕਾਰ ਦਾ ਦਲਿਤ ਵਿਰੋਧੀ ਚਿਹਰਾ ਨੰਗਾ ਹੋਇਆ ਹੈ।

# 5 ਤੇ 6 ਅਕਤੂਬਰ ਨੂੰ ਕਰਵਾਈ ਸੱਤਵੀਂ ਸੂਬਾਈ ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ ਵਿੱਚ ਦੀਖਿਆ ਭਾਰੀ ਉਤਸ਼ਾਹ: ਤਰਕਸ਼ੀਲ

## ● ਲੋਕ ਪੱਖੀ ਸਮਾਜਿਕ ਤਬਦੀਲੀ ਲਈ ਤਰਕਸ਼ੀ.ਲ ਸੋਚ ਜ਼ਰੂਰੀ : ਤਰਕਸ਼ੀ.ਲ ਸੁਸਾਇਟੀ ● 8 ਇਕਾਈਆਂ ਅਧਾਰਤ ਜੋਨ ਸੰਗਰੂਰ- ਬਰਨਾਲਾ ਵਿੱਚ ਕੁੱਲ 5244 ਵਿਦਿਆਰਥੀ ਰਜਿਸਟਰਡ ਹੋਏ - ਮਾਸਟਰ ਪਰਮ ਵੇਦ







**ਸੰਗਰੂਰ** ਵਿਦਿਆਰਥੀਆਂ ਵਿੱਚ ਵਿਗਿਆਨਕ ਚੇਤਨਾ ਵਿਕਸਤ ਕਰਨ ਅਤੇ ਉਨ੍ਹਾਂ ਨੂੰ ਵਹਿਮਾਂ ਭਰਮਾਂ,ਅੰਧ ਵਿਸ਼ਵਾਸਾਂ ਅਤੇ ਸਮਾਜਿਕ ਬੁਰਾਈਆਂ ਤੋਂ ਮੁਕਤ ਕਰਨ ਦੇ ਮਕਸਦ ਵਜੋਂ ਤਰਕਸ਼ੀ.ਲ ਸੁਸਾਇਟੀ ਪੰਜਾਬ ਵੱਲੋਂ ਪੰਜਾਬ ਦੇ ਸੈਂਕੜੇ ਸਕੂਲਾਂ ਵਿੱਚ ਗ਼ਦਰੀ ਗੁਲਾਬ ਕੌਰ ਨੂੰ ਸਮਰਪਿਤ ਸੱਤਵੀਂ ਸੂਬਾਈ ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ 5 ਤੇ 6ਅਕਤੂਬਰ ਨੂੰ ਕਰਵਾਈ ਗਈ ਜਿਸ ਵਿੱਚ 8 ਇਕਾਈਆਂ ਤੇ ਅਧਾਰਤ ਜੋਨ ਸੰਗਰੂਰ -ਬਰਨਾਲਾ ਦੇ 80 ਪ੍ਰੀਖਿਆ ਕੇਂਦਰਾਂ ਵਿੱਚ ਮਿਡਲ ਪੱਧਰ ਦੇ 2660 ਤੇ ਸੈਕੰਡਰੀ ਪੱਧਰ ਦੇ 2584 ਕੁਲ 5244 ਵਿਦਿਆਰਥੀਆਂ ਨੇ ਰਜਿਸਟਰੇਸ਼ਨ ਕਰਵਾਈ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਤਰਕਸ਼ੀ.ਲ ਸੁਸਾਇਟੀ ਪੰਜਾਬ ਦੇ ਜੋਨ ਆਗੂਆਂ ਮਾਸਟਰ ਪਰਮ ਵੇਦ, ਸੀਤਾ ਰਾਮ, ਗੁਰਦੀਪ ਸਿੰਘ ਲਹਿਰਾ,ਸੋਹਣ ਸਿੰਘ ਨੇ ਦੱਸਿਆ ਕਿ ਇਸ ਪ੍ਰੀਖਿਆ ਦੀ ਤਿਆਰੀ ਲਈ ਤਰਕਸ਼ੀ.ਲ ਸੁਸਾਇਟੀ ਪੰਜਾਬ ਵੱਲੋਂ ਮਿਡਲ ਅਤੇ ਸੈਕੰਡਰੀ ਗਰੁੱਪਾਂ ਲਈ ਦੋ ਵੱਖ ਵੱਖ ਪੁਸਤਕਾਂ ਤਿਆਰ ਕਰਕੇ ਵਿਦਿਆਰਥੀਆਂ ਨੂੰ ਤਿੰਨ ਮਹੀਨੇ ਪਹਿਲਾਂ ਮੁੱਹਈਆ ਕਰਵਾ ਦਿੱਤੀਆਂ ਗਈਆਂ ਸਨ। ਉਨ੍ਹਾਂ ਦੱਸਿਆ ਕਿ ਇਸ ਪ੍ਰੀਖਿਆ ਦਾ ਨਤੀਜਾ ਬਹੁਤ ਛੇਤੀ ਐਲਾਨਿਆ ਜਾਵੇਗਾ ਅਤੇ ਸੂਬੇ,ਜੋਨ ਅਤੇ ਇਕਾਈ ਪੱਧਰ 'ਤੇ ਮੈਰਿਟ ਵਿਚ



ਆਉਣ ਵਾਲੇ ਮਿਡਲ ਅਤੇ ਸੈਕੰਡਰੀ ਗਰੁੱਪ ਦੇ ਵੱਖ ਵੱਖ ਵਿਦਿਆਰਥੀਆਂ ਨੂੰ ਨਕਦ ਇਨਾਮ, ਤਰਕਸ਼ੀ.ਲ ਕਿਤਾਬਾਂ,ਯਾਦਗਾਰੀ ਚਿੰਨ ਅਤੇ ਸਨਮਾਨ ਪੱਤਰ ਦੇ ਕੇ ਸਨਮਾਨਿਤ ਕੀਤਾ ਜਾਵੇਗਾ। ਇਸ ਮੌਕੇ ਤਰਕਸ਼ੀ.ਲ ਆਗੂਆਂ ਨੇ ਦੱਸਿਆ ਕਿ ਇਸ ਪ੍ਰੀਖਿਆ ਨੂੰ ਸਮੁੱਚੇ ਪੰਜਾਬ ਵਿੱਚ ਪੂਰੇ ਪਾਰਦਰਸ਼ੀ ਅਤੇ ਸੂਚਾਰੂ ਢੰਗ ਨਾਲ ਕਰਵਾਉਣ ਲਈ ਜੋਨਾਂ ਅਤੇ ਇਕਾਈਆਂ ਦੇ ਸੈਂਕੜੇ ਤਰਕਸ਼ੀਲ ਆਗੂਆਂ, ਮੈਂਬਰਾਂ ਅਤੇ ਸਹਿਯੋਗੀ ਸਾਥੀਆਂ ਵੱਲੋਂ ਆਪਣੀ ਜ਼ਿੰਮੇਵਾਰੀ ਬਾਖੂਬੀ ਨਿਭਾਈ ਗਈ। ਇਸ ਪ੍ਰੀਖਿਆ ਸੰਬੰਧੀ ਵੱਖ ਵੱਖ ਸਕੂਲਾਂ ਦੇ ਮੁਖੀਆਂ, ਅਧਿਆਪਕਾਂ ਅਤੇ ਪ੍ਰਬੰਧਕਾਂ ਨੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਕਿਹਾ ਕਿ ਮੌਜੂਦਾ ਵਿਗਿਆਨ ਦੇ ਯੁੱਗ ਵਿਚ ਵਿਦਿਆਰਥੀਆਂ ਨੂੰ ਅੰਧਵਿਸ਼ਵਾਸਾਂ, ਵਹਿਮਾਂ ਭਰਮਾਂ, ਧਾਗੇ ਤਵੀਤਾਂ,ਜਨਮ ਟੇਵਿਆਂ, ਨਸ਼ਿਆਂ, ਫਿਰਕਾਪ੍ਰਸਤੀ,ਪਾਖੰਡੀ ਬਾਬਿਆਂ, ਸਾਧਾਂ, ਜੋਤਸ਼ੀਆਂ, ਡੇਰਿਆਂ ਦੇ ਝਾਂਸਿਆਂ ਤੋਂ ਬਚਣ ਅਤੇ ਜਿੰਦਗੀ ਦੀਆਂ ਸਮੱਸਿਆਵਾਂ ਦੇ ਟਾਕਰੇ ਲਈ ਵਿਗਿਆਨਕ ਦ੍ਰਿਸ਼ਟੀਕੋਣ ਅਪਨਾਉਣ ਲਈ ਵਿਦਿਅਕ ਅਦਾਰਿਆਂ ਵਿੱਚ ਸਮੇਂ ਸਮੇਂ ਉਤੇ ਅਜਿਹੀਆਂ ਵਿਗਿਆਨਕ ਚੇਤਨਾ ਪ੍ਰੀਖਿਆਵਾਂ ਬੇਹੱਦ ਜ਼ਰੂਰੀ ਹਨ ਅਤੇ ਤਰਕਸ਼ੀ.ਲ ਸੁਸਾਇਟੀ ਵੱਲੋਂ ਪਿਛਲੇ ਚਾਰ ਦਹਾਕਿਆਂ ਤੋਂ ਲਗਾਤਾਰ ਇਸ ਖੇਤਰ ਵਿਚ ਨਿਭਾਈ ਜਾ ਰਹੀ ਭੂਮਿਕਾ ਬੇਹੱਦ ਸ਼ਲਾਘਾਯੋਗ ਹੈ ਅਤੇ ਮੌਜੂਦਾ ਸਮਿਆਂ ਦੀ ਲੋੜ ਵੀ ਹੈ। ਸੰਗਰੂਰ ਇਕਾਈ ਸੰਬੰਧੀ ਜਾਣਕਾਰੀ ਦਿੰਦਿਆਂ ਇਕਾਈ ਮੁਖੀ ਸੁਰਿੰਦਰ ਪਾਲ, ਤਰਕਸ਼ੀਲ ਆਗੂ ਕ੍ਰਿਸ਼ਨ ਸਿੰਘ, ਪ੍ਰਗਟ ਸਿੰਘ, ਸੁਖਦੇਵ ਸਿੰਘ ਕਿਸ਼ਨਗੜ੍ਹ,ਇਕਬਾਲ ਕੌਰ ਨੇ ਦੱਸਿਆ 13 ਪ੍ਰੀਖਿਆ ਕੇਂਦਰਾਂ ਵਿੱਚ ਮਿਡਲ ਪੱਧਰ ਦੇ 534 ਤੇ ਸੈਕੰਡਰੀ ਪੱਧਰ ਦੇ 484 ਕੁਲ1021 ਵਿਦਿਆਰਥੀਆਂ ਨੇ ਰਜਿਸਟਰੇਸ਼ਨ ਕਰਵਾਈ । ਤਰਕਸ਼ੀ.ਲ ਸੁਸਾਇਟੀ ਨੇ ਸੰਬੰਧਿਤ ਸਕੂਲਾਂ ਦੇ ਮੁਖੀਆਂ, ਅਧਿਆਪਕਾਂ,ਪ੍ਰਬੰਧਕਾਂ ਵੱਲੋਂ ਦਿੱਤੇ ਪੂਰਨ ਸਹਿਯੋਗ ਅਤੇ ਵਿਦਿਆਰਥੀਆਂ ਵਲੋਂ ਦਿੱਤੇ ਵੱਡੇ ਹੁੰਗਾਰੇ ਲਈ ਉਨ੍ਹਾਂ ਦਾ ਧੰਨਵਾਦ ਕੀਤਾ ਹੈ।

**ਮਾਸਟਰ ਪਰਮਵੇਦ**
**ਜੋਨ ਜਥੇਬੰਦਕ ਮੁਖੀ**
**ਤਰਕਸ਼ੀਲ ਸੁਸਾਇਟੀ ਪੰਜਾਬ**
**9417422349**

# "ਅਜੋਕੀਆਂ ਸਾਹਿਤਕ ਮਹਿਫਲਾਂ ਵਿੱਚ ਅਖੀਰ ਤੱਕ ਕੁਰਸੀਆਂ ਖ਼ਾਲੀ ਕਿਉਂ ਹੋ ਜਾਂਦੀਆਂ ਹਨ?"

ਬਹੁਤ ਹੀ ਸਤਿਕਾਰਤ ਕਲਮਕਾਰ ਦੋਸਤੋ ਮੈਂ ਆਪਦੇ ਮੁਤਾਬਕ ਜੋ ਵੇਖਿਆ ਹੈ ਉਹੀ ਤੁਹਾਡੇ ਨਾਲ ਗੱਲ ਸਾਂਝੀ ਕਰਾਂਗਾ ਕਿ ਦਿਤੇ ਹੋਏ ਪ੍ਰੋਗਰਾਮ ਤੋਂ ਘੱਟੋ ਘੱਟ ਘੰਟਾ ਡੇਢ ਘੰਟਾ ਪ੍ਰੋਗਰਾਮ ਲੇਟ ਸ਼ੁਰੂ ਹੋਣਾ ਉਪਰੋਕਤ ਵਿਸ਼ੇ ਦਾ ਇਹ ਵੀ ਇੱਕ ਮੁੱਖ ਕਾਰਨ ਹੈ ਹਮੇਸ਼ਾ ਪ੍ਰੋਗਰਾਮ ਦਿੱਤੇ ਗਏ ਟਾਈਮ ਤੇ ਸ਼ੁਰੂ ਕਰ ਦੇਣਾ ਚਾਹੀਦਾ ਹੈ ਇੱਕ ਦੋ ਵਾਰ ਜਦੋਂ ਇਉਂ ਹੋਊ ਓਦੋਂ ਦੋਸਤਾਂ ਮਿੱਤਰਾਂ ਕਲਮਕਾਰਾਂ ਨੂੰ ਟਾਈਮ ਤੇ ਆਉਣ ਦੀ ਆਦਤ ਵੀ ਪੈ ਜਾਵੇਗੀ। ਜਦੋਂ ਦੋਸਤ ਮਹਿਫਲ ਦੇ ਵਿੱਚ ਆਉਂਦੇ ਹਨ ਤੇ ਉਹਨਾਂ ਦੀ ਜੋ ਰਜਿਸਟਰ ਤੇ ਹਾਜ਼ਰੀ ਲੱਗਦੀ ਆ ਹਾਜ਼ਰੀ ਦੇ ਹਿਸਾਬ ਦੇ ਨਾਲ ਹੀ ਟਾਈਮ ਦਿੱਤਾ ਜਾਵੇ ਹਰ ਇਕ ਦੋਸਤ ਨੂੰ ਟਾਈਮ ਦੇਣ ਦਾ ਸਮਾਂ ਸੀਮਾਂ ਮੁਕਰਰ ਕੀਤਾ ਜਾਵੇ ਕਿ ਪੰਜ ਜਾਂ ਚਾਰ ਮਿੰਟ ਦੇ ਵਿੱਚ ਤੁਸੀਂ ਆਪਦੀ ਗੱਲ ਕਹਿਣੀ ਆਂ ਬਹੁਤ ਦੋਸਤ ਇਸ ਗੱਲ ਤੋਂ ਖਿੜਕਦੇ ਆ ਦਸ ਦਸ ਮਿੰਟ ਇਕ ਦੋਸਤ ਜਦੋਂ ਲੈਂਦਾ ਹੈ ਉਦੋਂ ਵੀ ਗੜਬੜ ਵਾਲਾ ਮਾਹੌਲ ਸ਼ੁਰੂ ਹੋ ਜਾਂਦਾ ਹੈ। ਸਭ ਤੋਂ ਵੱਡੀ ਗੱਲ ਪ੍ਰਧਾਨਗੀ ਮੰਡਲ ਦੇ ਵਿੱਚ ਸੀਮਤ ਇਨਸਾਨ ਬਿਠਾਏ ਜਾਣ ਔਰ ਪ੍ਰਧਾਨਗੀ ਮੰਡਲ ਨੂੰ ਸਮੇਂ ਸਮੇਂ ਤੇ ਦੋ ਚਾਰ ਦੋਸਤ ਭੁਗਤਾ ਕੇ ਕਵਿਤਾ ਗਜ਼ਲਾਂ ਵਾਲੇ ਇੱਕ ਪ੍ਰਧਾਨਗੀ ਮੰਡਲ ਦਾ ਦੋਸਤ ਦੋ ਚਾਰ ਫਿਰ ਭਗਤਾ ਕੇ ਫਿਰ ਇੱਕ ਪ੍ਰਧਾਨਗੀ ਮੰਡਲ ਦੇ ਦੋਸਤ ਨੂੰ ਬੋਲਣ ਦਾ ਸਮਾਂ ਦਿੱਤਾ ਜਾਵੇ ਤਾਂ ਮੇਰੇ ਹਿਸਾਬ ਨਾਲ ਸਮਤੋਲ ਵੀ ਰਹੇਗਾ ਤੇ ਉਤਸੁਕਤਾ ਵੀ ਵਧੀਆ ਰਹੇਗੀ ਇਹ ਪ੍ਰਿਆਈ





ਹੋਈ ਗੱਲ ਹੈ ਜੀ । ਆਮ ਵੇਖਿਆ ਹੈ ਕਿ ਕਿਸੇ ਥਾਂ ਤੇ ਸਾਰੀ ਹੀ ਪ੍ਰਧਾਨਗੀ ਮੰਡਲ ਨੂੰ ਪਹਿਲਾਂ ਟਾਈਮ ਦੇ ਦਿੱਤਾ ਜਾਂਦਾ ਹੈ ਤੇ ਦਿੱਤਾ ਵੀ ਬਹੁਤ ਖੁਲਾ ਸਮਾਂ ਜਾਂਦਾ ਹੈ ਤੇ ਨਾਲ ਹੀ ਅਗਰ ਕੋਈ ਪੁਸਤਕ ਰਲੀਜ ਕਰਨੀ ਹੋਵੇ ਤਾਂ ਕਰ ਦਿੱਤੀ ਜਾਂਦੀ ਹੈ ਤੇ ਨਾਲ ਹੀ ਕਿਸੇ ਖ਼ਾਸ ਸ਼ਖਸੀਅਤ ਨੂੰ ਸਨਮਾਨਿਤ ਕਰਨਾ ਹੋਵੇ ਤਾਂ ਓਦੋਂ ਹੀ ਕਰ ਦਿੱਤਾ ਜਾਂਦਾ ਹੈ। ਜਦੋਂ ਕਿ ਇਹ ਸਸਪੈਂਸ ਹੋਣਾ ਅਤੇ ਰਹਿਣਾ ਚਾਹੀਦਾ ਹੈ। ਤੇ ਕਦੇ ਕਦੇ ਪ੍ਰਧਾਨਗੀ ਮੰਡਲ ਨੂੰ ਅਖੀਰ ਤੱਕ ਪੁੱਛਿਆ ਈ ਨਹੀਂ ਜਾਂਦਾ ਭਾਵ ਬਿਲਕੁਲ ਅਖੀਰ ਤੇ ਵਾਰੀ ਆਉਂਦੀ ਹੈ ਜੋ ਮੇਰੇ ਖਿਆਲ ਅਨੁਸਾਰ ਠੀਕ ਨਹੀਂ ਹੈ ਜੀ। ਇਹਦੀ ਬਾਬਤ ਤਾਂ ਮੈਂ ਬਲਦੇਵ ਸਿੰਘ ਸੜਕਨਾਵਾਂ ਤੇ ਕੇ ਐਲ ਗਰਗ ਮੋਗਾ ਜੀ ਨੂੰ ਮੋਗਾ ਵਿਖੇ ਰੀ ਇੱਕ ਸਾਹਿਤਕ ਪ੍ਰੋਗਰਾਮ ਤੇ ਕਹਿੰਦੇ ਵੀ ਸੁਣਿਆਂ ਹੈ ਕਿ ਸਾਨੂੰ ਕਾਹਤੋਂ ਸਜਾ ਦਿੱਤੀ ਹੈ ਯਾਰ ਸਵੇਰੇ ਦਸ ਵਜੇ ਤੋਂ ਬਿਠਾਇਆ ਹੈ ਤੇ ਸ਼ਾਮ ਦੇ ਤਿੰਨ ਵਜੇ ਤੱਕ ਪੁੱਛਿਆ ਈ ਨਹੀਂ? ਦੂਸਰੀ ਗੱਲ ਜਿਵੇਂ ਰਜਿਸਟਰ ਤੇ ਹਾਜ਼ਰੀ ਲੱਗੀ ਆ ਉਸੇ ਤਰ੍ਹਾਂ ਭਾਵੇਂ ਕੋਈ ਵੱਡਾ ਕਲਮਕਾਰ ਤੇ ਭਾਵੇਂ ਛੋਟਾ ਕਲਮਕਾਰ ਉਸੇ ਹਿਸਾਬ ਨਾਲ ਟਾਈਮ ਦਿੱਤਾ ਜਾਵੇ। ਤੀਸਰੀ ਗੱਲ ਕਿ ਬਹੁਤ ਸਾਰੀਆਂ ਐਸੀਆਂ ਸਭਾਵਾਂ ਹਨ ਜੋ ਕਿ ਜਿੰਨੇ ਵੀ ਦੋਸਤ ਆਏ ਹੁੰਦੇ ਆ ਉਹਨਾਂ ਨੂੰ ਸਭਾ ਵੱਲੋਂ ਸਰਟੀਫਿਕੇਟ ਦੇਣੇ ਹੁੰਦੇ ਆ ਜਾਂ ਕੋਈ ਮਮੈਂਟੋ ਦੇਣਾ ਹੁੰਦਾ ਵੈਸੇ ਆਮ ਸਭਾਵਾਂ ਦੇ ਵਿੱਚ ਇਹ ਧਾਰਨਾ ਨਹੀਂ ਹੁੰਦੀ ਪਰ ਕਈ ਸਭਾਵਾਂ ਇਹ ਕਰਦੀਆਂ ਹਨ ਕਿ ਜਿੰਨੇ ਵੀ ਦੋਸਤ ਆਏ ਆ ਉਹਨਾਂ ਸਾਰਿਆਂ ਨੂੰ ਉਹ ਮਾਣ ਸਤਿਕਾਰ ਦਿੰਦੇ ਆ ਤੇ ਉਹ ਮਾਣ ਸਤਿਕਾਰ ਪਹਿਲਾਂ ਪ੍ਰਧਾਨਗੀ ਮੰਡਲ ਤੋਂ ਦਵਾਇਆ ਜਾਵੇ ਪ੍ਰਧਾਨਗੀ ਮੰਡਲ ਨੂੰ ਬਾਅਦ ਦੇ ਵਿੱਚ ਸਨਮਾਨਿਤ ਕੀਤਾ ਜਾਵੇ ਇਹ ਮੇਰੇ ਨਿੱਜੀ ਵਿਚਾਰ ਆ ਜੋ ਮੈਂ ਤੁਹਾਡੇ ਨਾਲ ਰੱਖ ਰਿਹਾ ਹਾਂ।

ਇੱਕ ਗੱਲ ਦੋਸਤੋ ਕਿ ਜਦੋਂ ਆਪਾਂ ਕਿਸੇ ਵੀ ਮਹਿਫਿਲ ਦੇ ਵਿੱਚ ਜਾਨੇ ਆ ਤਾਂ ਉਸ ਮਹਿਫਲ ਨੂੰ ਸਮਰਪਿਤ ਹੋ ਕੇ ਜਾਓ ਕਿਉਂਕਿ ਦਿਨ ਤਾਂ ਖਤਮ ਹੋਣਾ ਹੀ ਹੋਣਾ ਭਜੂੰ ਭਜੂੰ ਨਾ ਕਰੋ ਕਿਉਂਕਿ ਆਪ ਦੀ ਗੱਲ ਕਹਿ ਕੇ ਤੇ ਦੂਸਰੇ ਦੀ ਗੱਲ ਨਾ ਸੁਣਨੀ ਆਪਦੀਆਂ ਗੱਲਾਂ ਬਾਤਾਂ ਕਰੀ ਜਾਣਾ ਜਾਂ ਮੋਬਾਈਲਾਂ ਦੇ ਵਿੱਚ ਉਲਝੇ ਰਹਿਣਾ ਇਹ ਵੀ ਕੋਈ ਬਹੁਤੀ ਸਿਆਣਪ ਵਾਲੀ ਗੱਲ ਨਹੀਂ। ਅਗਲੀ ਗੱਲ ਅਗਰ ਕਿਸੇ ਵੀ ਦੋਸਤ ਨੇ ਪਹਿਲਾਂ ਜਾਣਾ ਹੈ ਉਹਨੂੰ ਜਲਦੀ ਕੰਮ ਹੋ ਗਿਆ ਘਰ ਦੇ ਵਿੱਚ ਕੋਈ ਘਰੇਲੂ ਕੰਮ ਹੈ ਉਸਨੂੰ ਪਹਿਲਾਂ ਕਦੇ ਵੀ ਸਨਮਾਨਿਤ ਨਾ ਕਰੋ ਇਉਂ ਕਰਨ ਨਾਲ ਸਾਰਾ ਪ੍ਰਧਾਨਗੀ ਮੰਡਲ ਹਿੱਲ ਜਾਂਦਾ ਹੈ। ਹਾਂ ਓਹਨੂੰ ਜੀ ਆਇਆਂ ਕਹੋ ਤੇ ਸਨਮਾਨ ਬਾਅਦ ਵਿੱਚ ਲੈ ਲੈਣਾ ਜੀ ਕਹਿ ਦਿਓ।

ਜਦੋਂ ਵੀ ਚਾਹ ਪਾਣੀ ਜਾਂ ਲੰਗਰ ਦਾ ਕਿਤੇ ਵੀ ਪ੍ਰੋਗਰਾਮ ਰੱਖਿਆ ਗਿਆ ਹੈ ਮਹਿਫਲ ਲਈ ਤਾਂ ਉਸ ਸਮੇਂ ਤੇ ਕੋਈ ਵੀ ਦੋਸਤ ਸਟੇਜ ਤੋਂ ਬਿਲਕੁਲ ਨਾ ਬੋਲੇ ਲੰਗਰ ਦਾ ਜਿਹੜਾ ਬਰੇਕ ਆ ਅੱਧਾ ਘੰਟਾ ਪੌਣਾ ਘੰਟਾ ਬ੍ਰੇਕ ਪਾ ਕੇ ਉਸ ਤੋਂ ਬਾਅਦ ਸ਼ੁਰੂ ਕੀਤਾ ਜਾਵੇ। ਕਿਉਂਕਿ ਕਈ ਦੋਸਤ ਸਟੇਜ ਤੇ ਬੋਲਦੇ ਹੁੰਦੇ ਆ ਤੇ ਉਧਰੋਂ ਲੰਗਰ ਜਾਂ ਚਾਹ ਪਾਣੀ ਚੱਲਦਾ ਹੁੰਦਾ ਤੇ ਸਾਰਾ ਮਜਾ ਕਿਰਕਰਾ ਹੋ ਜਾਂਦਾ ਇਹ ਵੀ ਇੱਕ ਬਹੁਤ ਵੱਡਾ ਨੁਕਤੇ ਨੂੰ ਵਿਚਾਰਨ ਦੀ ਲੋੜ ਹੈ।

ਜੇਕਰ ਤੁਸੀ ਚਾਹੁੰਦੇ ਓਂ ਕਿ ਤੁਹਾਡੀ ਰਚਨਾ ਤੇ ਵਾਹ ਵਾਹ ਹੋਵੇ ਤਾਂ ਫਿਰ ਦੂਜਿਆਂ ਨੂੰ ਵੀ ਸੁਣੋਂ ਤੇ ਓਹਨਾਂ ਨੂੰ ਵੀ ਦਾਦ ਦਿਓ। ਮਨਾਂ ਵਿੱਚ ਜੈਲਸੀ ਭਾਵ ਈਰਖਾ ਦਵੈਤ ਲੈ ਕੇ ਕਦੇ ਵੀ ਸਾਹਿਤਕ ਪ੍ਰੋਗਰਾਮ ਵਿੱਚ ਨਾ ਜਾਓ। ਇਹੋ ਜਿਹੇ ਪ੍ਰੋਗਰਾਮ ਸਾਨੂੰ ਪਿਆਰ ਮੁਹੱਬਤ ਸਿਖਾਉਂਦੇ ਹਨ ਨਾ ਕਿ ਕੋਈ ਈਰਖਾ ਦਵੈਤ ਭਾਵਨਾ। ਕਦੇ ਵੀ ਕਿਸੇ ਨੂੰ ਲਾ ਕੇ ਗੱਲ ਨਾ ਕਰੋ। ਇਹ ਗੱਲਾ ਮਰਿਆਦਾ ਦੇ ਉਲਟ ਹਨ।

ਸੋ ਦੋਸਤੋ 2014-15 ਤੋਂ ਲੈ ਕੇ ਹੁਣ ਤੱਕ ਮੈਂ ਬਹੁਤ ਹੀ ਸਾਹਿਤ ਸਭਾਵਾਂ ਦੇ ਵਿੱਚ ਪ੍ਰੋਗਰਾਮ ਵੇਖੇ ਆ ਬਹੁਤ ਸਾਰੇ ਥਾਵਾਂ ਤੋਂ ਮਾਣ ਸਨਮਾਨ ਵੀ ਮਿਲਿਆ ਹੈ। ਇੱਕ ਦੋ ਦੋਸਤਾਂ ਨੇ ਕੋਈ ਰਾਇ ਪੁੱਛੀ ਸੀ ਉਹਨਾਂ ਨੂੰ ਮੈਂ ਸਾਰਿਆਂ ਨੂੰ ਇਹ ਰਾਏ ਦਿੱਤੀ ਜੋ ਇਸ ਲੇਖ ਰਾਹੀਂ ਤੁਹਾਡੇ ਨਾਲ ਸਾਂਝੀ ਕਰ ਰਿਹਾ ਹਾਂ ਤੇ ਉਹ ਬਹੁਤ ਹੀ ਦੋ ਤਿੰਨ ਪ੍ਰੋਗਰਾਮ ਸਫਲ ਹੋਏ ਇੱਕ ਤਾਂ ਪ੍ਰੋਗਰਾਮ ਫਿਰੋਜ਼ਪੁਰ ਹੋਇਆ ਸੀ ਜਿਹੜਾ ਲਾਡੀ ਝੋਕ ਵਾਲਾ ਤੇ ਸਿਮਰਪਾਲ ਬਠਿੰਡਾ ਉਹਨਾਂ ਨੇ ਕਰਵਾਇਆ ਸੀ ਬਹੁਤ ਹੀ ਸਫਲ ਪ੍ਰੋਗਰਾਮ ਰਿਹਾ ਉਥੇ ਬੇਸ਼ੱਕ 50 ਲੇਖਕ /ਕਲਮਕਾਰ ਦੋਸਤ ਸਨ।

ਤੇ ਅਖੀਰ ਤੱਕ ਸਾਰੇ ਦੇ ਸਾਰੇ ਹਾਜਰ ਸਨ॥ ਇਸੇ ਤਰ੍ਹਾਂ ਇੱਕ ਗਿੱਦੜਬਾਹਾ ਦੇ ਵਿੱਚ ਪ੍ਰੋਗਰਾਮ ਹੋਇਆ ਸੀ ਜੋ ਥੋੜਾ ਚਿਰ ਪਹਿਲਾਂ ਈ ਹੋਇਆ ਉਹ ਮਨਜੀਤ ਮਾਹੀ ਮਰਜਾਣਾ ਮਧੀਰ ਜੀ ਤੇ ਗੋਲਡੀ ਗੁਸਤਾਖ਼ ਪੱਟੀ ਵਾਲਿਆਂ ਵੱਲੋਂ ਉਲੀਕਿਆ ਗਿਆ ਸੀ ਉਹਦੇ ਵਿੱਚ 70 ਬੰਦੇ ਸੀ ਦੋਸਤੋ ਤੇ ਅਖੀਰ ਤੱਕ 68 ਬੰਦੇ ਬੈਠੇ ਸੀ ਕੋਈ ਕੁਰਸੀ ਖਾਲੀ ਨਹੀਂ ਸੀ ਸੋ ਇਹ ਮੇਰੇ ਸਾਰੇ ਨਿੱਜੀ ਵਿਚਾਰ ਹਨ ਤੇ ਅੱਖੀਂ ਵੇਖੇ ਪ੍ਰੋਗਰਾਮ ਹਨ। ਹੋ ਸਕਦਾ ਬਹੁਤ ਸਾਰੇ ਦੋਸਤਾਂ ਨੂੰ ਇਹ ਗੱਲਾਂ ਚੰਗੀਆਂ ਨਾ ਲੱਗੀਆਂ ਹੋਣ ਪਰ ਮੈਂ ਆਪਦੇ ਨਿੱਜੀ ਵਿਚਾਰ ਇਸ ਲੇਖ ਰਾਹੀਂ ਤੁਹਾਡੇ ਨਾਲ ਸਾਂਝੇ ਕੀਤੇ ਆ। ਜਦੋਂ ਵੀ ਕਦੇ ਜਾਣਾ ਉਸ ਪ੍ਰੋਗਰਾਮ ਨੂੰ ਸਮਰਪਿਤ ਹੋ ਕੇ ਜਾਈਏ ਤੇ ਨਹੀਂ ਤਾਂ ਨਾ ਜਾਈਏ ਜਦੋਂ ਚਲੇ ਗਏ ਤਾਂ ਆਪ ਦੀ ਗੱਲ ਵੀ ਜਰੂਰ ਸਾਰਿਆਂ ਨੂੰ ਸੁਣਾਓ ਤੇ ਅਗਲੇ ਦੀ ਗੱਲ ਸੁਣ ਕੇ ਵੀ ਦਾਦ ਦਿਓ ਤੇ ਸਾਰੇ ਹੀ ਦੋਸਤ ਆਪੋ ਆਪਣੇ ਮੋਬਾਈਲ ਬੰਦ ਜਾ ਆਵਾਜ਼ ਬੰਦ ਕਰਕੇ ਰੱਖਣ ਤਾਂ ਹੀ ਇਹੋ ਜਿਹਾ ਪ੍ਰੋਗਰਾਮ ਦੇ ਵਿੱਚ ਸਫਲਤਾ ਮਿਲ ਸਕਦੀ ਆ ਕੁਰਸੀਆਂ ਵੀ ਅਖੀਰ ਤੱਕ ਖ਼ਾਲੀ ਨਹੀਂ ਰਹਿਣਗੀਆਂ।

**ਜਸਵੀਰ ਸ਼ਰਮਾ ਦੱਦਾਹੂਰ**
**ਸ਼੍ਰੀ ਮੁਕਤਸਰ ਸਾਹਿਬ**
**95691-49556**

# ਕਬਰਾਂ ਦੇ ਬੋਲ...

ਕਦੇ ਸੋਚਿਆ ਹੈ ਕਿ ਜੇ ਕਬਰਾਂ ਬੋਲ ਪੈਂਦੀਆਂ, ਤਾਂ ਉਹ ਸਾਨੂੰ ਕੀ ਕਹਿੰਦੀਆਂ? ਸ਼ਾਇਦ ਉਹ ਕਹਿੰਦੀਆਂ "ਜਦ ਤੂੰ ਜਿੰਦਾ ਸੀ, ਤਦ ਤੈਨੂੰ ਆਪਣੀ ਜ਼ਿੰਦਗੀ ਦੀ ਕਦਰ ਨਹੀਂ ਸੀ, ਤੇ ਹੁਣ ਜਦ ਤੂੰ ਮਿੱਟੀ ਬਣ ਗਿਆ, ਲੋਕ ਤੇਰੇ ਨਾਂ ਨਾਲ ਫੁੱਲ ਰੱਖਣ ਆਉਂਦੇ ਨੇ।"

ਇਹੀ ਤਾਂ ਸੱਚ ਹੈ ਇਨਸਾਨ ਨੂੰ ਆਪਣੀ ਕੀਮਤ ਦਾ ਅਹਿਸਾਸ ਅਕਸਰ ਤਦ ਹੁੰਦਾ ਹੈ ਜਦ ਸਮਾਂ ਹੱਥੋਂ ਨਿਕਲ ਜਾਂਦਾ ਹੈ।

ਕਬਰਾਂ ਦੇ ਬੋਲਾਂ ਵਿੱਚ ਇੱਕ ਗਹਿਰੀ ਤਰਕ ਹੈ। ਉਹ ਮੌਨ ਹੋਣ ਦੇ ਬਾਵਜੂਦ ਬੋਲਦੀਆਂ ਹਨ ਮਿੱਟੀ ਵਿੱਚ ਸੁੱਤੇ ਹਰ ਇਨਸਾਨ ਦੀ ਕਹਾਣੀ ਬਿਆਨ ਕਰਦੀਆਂ ਹਨ। ਕੁਝ ਨੇ ਜ਼ਿੰਦਗੀ ਨੂੰ ਮੁਸਕਰਾ ਕੇ ਜੀਆ, ਕੁਝ ਨੇ ਸ਼ਿਕਵਿਆਂ ਵਿੱਚ ਗੁਆ ਦਿੱਤਾ। ਕੁਝ ਨੇ ਲੋਕਾਂ ਲਈ ਆਪਣੇ ਆਪ ਨੂੰ ਸਮਰਪਿਤ ਕੀਤਾ, ਤੇ ਕੁਝ ਨੇ ਸਿਰਫ਼ ਆਪਣੇ ਲਈ ਜੀਆ। ਪਰ ਆਖ਼ਰ ਵਿੱਚ ਸਭ ਨੂੰ ਇੱਕੋ ਮਿੱਟੀ ਨੇ ਆਪਣੀ ਗੋਦ ਵਿੱਚ ਲੈ ਲਿਆ। ਇਨਸਾਨ ਦੀ ਕੀਮਤ ਪੈਸੇ, ਦਰਜੇ ਜਾਂ ਸ਼ਕਤੀ ਨਾਲ ਨਹੀਂ, ਉਸਦੇ ਕਰਮਾਂ ਅਤੇ ਪਿਆਰ ਨਾਲ ਮਾਪੀ ਜਾਂਦੀ ਹੈ। ਜੋ ਇਨਸਾਨ ਹੋਰਾਂ ਦੇ ਚਿਹਰਿਆਂ ਤੇ ਮੁਸਕਾਨ ਲਿਆਉਂਦਾ ਹੈ, ਉਹ ਮਰਨ ਮਗਰੋਂ ਵੀ ਜਿੰਦਾ ਰਹਿੰਦਾ ਹੈ। ਜੋ ਸਿਰਫ਼ ਆਪਣੇ ਹਿੱਸੇ ਦੀ ਖੁਸ਼ੀ ਲੁੱਟਣ ਵਿੱਚ ਲੱਗਿਆ ਰਹਿੰਦਾ ਹੈ, ਉਸਦੀ ਯਾਦ ਵੀ ਹੌਲੀ-ਹੌਲੀ ਮਿੱਟ ਜਾਂਦੀ ਹੈ। ਜ਼ਿੰਦਗੀ ਦੀ ਮਹੱਤਤਾ ਇਸ ਗੱਲ ਵਿੱਚ ਨਹੀਂ ਕਿ ਅਸੀਂ ਕਿੰਨਾ ਜੀ ਲਏ, ਸਗੋਂ ਇਸ ਵਿੱਚ ਹੈ ਕਿ ਅਸੀਂ ਕਿਵੇਂ ਜੀਏ।

ਕਈ ਵਾਰ ਇੱਕ ਪਲ ਦੀ ਹਿੰਮਤ ਪੂਰੀ ਜ਼ਿੰਦਗੀ ਦਾ ਰੁਖ ਬਦਲ ਦਿੰਦੀ ਹੈ। ਇੱਕ ਛੋਟੀ ਮੁਸਕਾਨ ਕਿਸੇ ਦਾ ਦਿਨ ਸੁਹਣਾ ਬਣਾ ਸਕਦੀ ਹੈ। ਇੱਕ ਹੌਸਲਾ ਕਿਸੇ ਨੂੰ ਮੌਤ ਤੋਂ ਵੀ ਵੱਡੇ ਡਰ ਤੋਂ ਬਚਾ ਸਕਦਾ ਹੈ।

ਪਰ ਅਫ਼ਸੋਸ, ਅਸੀਂ ਇਹ ਸਾਰੀਆਂ ਗੱਲਾਂ ਉਸ ਵੇਲੇ ਯਾਦ ਕਰਦੇ ਹਾਂ ਜਦ ਜ਼ਿੰਦਗੀ ਪਿੱਛੇ ਛੁੱਟ ਜਾਂਦੀ ਹੈ।

ਕਬਰਾਂ ਦਾ ਸਬਕ ਸਾਫ਼ ਹੈ ਜ਼ਿੰਦਗੀ ਨੂੰ ਵਕਤ ਮਿਲੇ ਤਦ ਮਾਨੋ, ਪਿਆਰ ਮਿਲੇ ਤਦ ਸੰਭਾਲੋ, ਤੇ ਮੌਕਾ ਮਿਲੇ ਤਦ ਕਿਸੇ ਲਈ ਚੰਗਾ ਕਰ ਜਾਓ। ਕਿਉਂਕਿ ਕਬਰਾਂ ਦੇ ਬੋਲ ਸਾਨੂੰ ਯਾਦ ਦਿਵਾਉਂਦੇ ਹਨ ਕਿ ਜ਼ਿੰਦਗੀ ਇੱਕ ਦਿਨ ਦੀ ਮਿਹਮਾਨ ਹੈ। ਜੋ ਅੱਜ ਹੈ, ਕੱਲ੍ਹ ਨਹੀਂ ਹੋਵੇਗਾ।

ਇਸ ਲਈ, ਜੀਵੋ ਪਰ ਇੱਜ਼ਤ ਨਾਲ।
ਪਿਆਰ ਕਰੋ ਪਰ ਸੱਚੇ ਦਿਲ ਨਾਲ।
ਤੇ ਛੱਡ ਜਾਓ ਉਹ ਚਿਹਰਾ, ਜੋ ਕਦੇ ਕਿਸੇ ਨੂੰ ਦੁੱਖ ਨਾ ਦੇਵੇ।

ਆਖ਼ਰ ਵਿੱਚ, ਜਦ ਕਬਰ ਪੁੱਛੇ
"ਤੂੰ ਜਿੰਦਗੀ ਵਿੱਚ ਕੀ ਕੀਤਾ?"
ਤਾਂ ਜਵਾਬ ਇਹ ਹੋਣਾ ਚਾਹੀਦਾ "ਮੈਂ ਜਿੰਦਗੀ ਨੂੰ ਪਿਆਰ ਕੀਤਾ, ਲੋਕਾਂ ਨੂੰ ਖੁਸ਼ ਕੀਤਾ, ਤੇ ਆਪਣੇ ਨਾਮ ਨੂੰ ਮਿੱਟੀ ਨਹੀਂ ਬਣਨ ਦਿੱਤਾ।"ਕਬਰਾਂ ਬੋਲਦੀਆਂ ਨਹੀਂ, ਪਰ ਸੁਣਨ ਵਾਲਾ ਦਿਲ ਹੋਵੇ ਤਾਂ ਉਹ ਹਰ ਰੋਜ਼ ਸਿੱਖਾ ਦਿੰਦੀਆਂ ਨੇ ਕਿ ਜਿੰਦਗੀ ਅੱਜ ਹੈ ਇਸਨੂੰ ਸੁਹਣਾ ਬਣਾ ਲਓ।



**ਮੰਜੂ ਰਾਇਕਾ**
**(ਭਿੰਡਰਾਂ) ਸੰਗਰੂਰ**
**7626053712**

# ਭਗਵਾਨ ਵਾਲਮੀਕ ਜੀ: ਸਮਾਜਕ ਜਾਗਰੂਕਤਾ ਦਾ ਸੁਨਹਿਰੀ ਪ੍ਰਕਾਸ਼



ਭਗਵਾਨ ਵਾਲਮੀਕ ਜੀ, ਜਿਨ੍ਹਾਂ ਦਾ ਨਾਮ ਸਾਹਿਤ, ਸਮਾਜ ਸੁਧਾਰ ਅਤੇ ਮਾਨਵਤਾਵਾਦੀ ਚੇਤਨਾ ਦਾ ਪ੍ਰਤੀਕ ਹੈ, ਭਾਰਤੀ ਸਭਿਆਚਾਰ ਦੇ ਅਜਿਹੇ ਮਹਾਨ ਰਹਿਬਰ ਹਨ ਜਿਨ੍ਹਾਂ ਨੇ ਆਪਣੇ ਜੀਵਨ ਅਤੇ ਕਰਮਾਂ ਰਾਹੀਂ ਸਮਾਜ ਨੂੰ ਨਵੀਂ ਦਿਸ਼ਾ ਅਤੇ ਪ੍ਰੇਰਨਾ ਦਿੱਤੀ। ਉਨ੍ਹਾਂ ਦਾ ਜੀਵਨ ਸਿਰਫ਼ ਇੱਕ ਮਹਾਂਕਾਵਿ ਰਚਨਹਾਰ ਦੀ ਕਹਾਣੀ ਨਹੀਂ, ਸਗੋਂ ਇੱਕ ਅਜਿਹੀ ਜੋਤ ਹੈ ਜਿਸ ਨੇ ਮਨੁੱਖਤਾ ਦੇ ਸੱਚੇ ਮੁੱਲਾਂ ਨੂੰ ਜਗਾਇਆ ਅਤੇ ਸਮਾਜ ਵਿੱਚ ਵਿਤਕਰੇ, ਅਗਿਆਨਤਾ ਅਤੇ ਅਨਿਆਂ ਵਿਰੁੱਧ ਅਵਾਜ਼ ਬੁਲੰਦ ਕੀਤੀ।

**ਜੀਵਨ ਦੀ ਸ਼ੁਰੂਆਤ: ਪਰਿਵਰਤਨ ਦਾ ਸਫ਼ਰ**

ਭਗਵਾਨ ਵਾਲਮੀਕ ਜੀ ਦਾ ਜੀਵਨ ਇੱਕ ਅਜਿਹੀ ਮਿਸਾਲ ਹੈ ਜੋ ਸਾਨੂੰ ਸਿਖਾਉਂਦੀ ਹੈ ਕਿ ਮਨੁੱਖ ਦੀ ਸੱਚੀ ਤਾਕਤ ਉਸ ਦੇ ਗੁਣਾਂ ਅਤੇ ਸੁਧਾਰ ਦੀ ਇੱਛਾ ਵਿੱਚ ਹੁੰਦੀ ਹੈ, ਨਾ ਕਿ ਉਸ ਦੇ ਜਨਮ ਜਾਂ ਪਿਛੋਕੜ ਵਿੱਚ। ਉਸ ਸਮੇਂ ਸਮਾਜ ਵਿੱਚ ਜਾਤੀਵਾਦ, ਗਰੀਬੀ ਅਤੇ ਅਗਿਆਨਤਾ ਦਾ ਬੋਲਬਾਲਾ ਸੀ।,ਆਪ ਦੇ ਅੰਦਰ ਇੱਕ ਸੁਪਤ ਸੰਵੇਦਨਸ਼ੀਲਤਾ ਅਤੇ ਖੋਜ ਦੀ ਲਾਲਸਾ ਸੀ ਜਿਸ ਨੇ ਆਪਦੇ ਹਿਰਦੇ ਅੰਦਰ ਅਜਿਹੀ ਅੱਗ ਲਗਾਈ ਜਿਸ ਨੇ ਸੱਚ, ਅਹਿੰਸਾ ਅਤੇ ਧਰਮ ਦੀ ਜੋਤ ਜਗਾਈ। ਆਪ ਦਾ ਸਮੁੱਚਾ ਜੀਵਨ ਵਿਅਕਤੀਗਤ ਨਹੀਂ ਸੀ, ਸਗੋਂ ਸਮਾਜ ਲਈ ਇੱਕ ਸੁਨੇਹਾ ਸੀ ਕਿ ਇਸ ਮਾਰਗ ਤੇ ਚਲਣ ਨਾਲ ਕੋਈ ਵੀ ਵਿਅਕਤੀ ਸਚ ਦੇ ਮਾਰਗ ਦਾ ਪਾਂਧੀ ਹੋ ਸਕਦਾ ਹੈ।

**ਰਾਮਾਇਣ: ਮਾਨਵਤਾ ਦਾ ਮਹਾਂਕਾਵਿ**

ਭਗਵਾਨ ਵਾਲਮੀਕ ਜੀ ਦੀ ਸਭ ਤੋਂ ਵੱਡੀ ਦੇਣ ਹੈ ਸੰਸਕ੍ਰਿਤ ਮਹਾਂਕਾਵਿ ਰਾਮਾਇਣ, ਜੋ ਨਾ ਸਿਰਫ਼ ਇੱਕ ਸਾਹਿਤਕ ਕ੍ਰਿਤੀ ਹੈ, ਸਗੋਂ ਮਨੁੱਖੀ ਜੀਵਨ ਦੇ ਮੁੱਲਾਂ, ਨੈਤਿਕਤਾ ਅਤੇ ਸਮਾਜਕ ਸੁਧਾਰ ਦਾ ਇੱਕ ਅਮਰ ਦਸਤਾਵੇਜ਼ ਹੈ। ਜਿਸ ਪਨੇ ਭਾਰਤੀ ਸਮਾਜ ਅੰਦਰ ਅਮਿੱਟ ਛਾਪ ਛੱਡੀ। ਰਾਮਾਇਣ ਵਿੱਚ ਸ੍ਰੀ ਰਾਮ ਦੀ ਕਹਾਣੀ ਦੇ ਨਾਲ-ਨਾਲ ਭਗਵਾਨ ਵਾਲਮੀਕ ਜੀ ਨੇ ਸਮਾਜ ਦੀਆਂ ਕਮਜ਼ੋਰੀਆਂ ਜਾਤੀਵਾਦ, ਇਸਤ੍ਰੀ ਸ਼ੋਸ਼ਣ, ਅਤੇ ਧਰਮ- ਅਧਰਮ ਨੂੰ ਬੜੀ ਸੂਝ ਨਾਲ ਪ੍ਰਗਟ ਕੀਤਾ। ਸੀਤਾ ਜੀ ਦੀ ਕਹਾਣੀ, ਜੋ ਇੱਕ ਮਜ਼ਬੂਤ ਅਤੇ ਸਵੈ-ਮਾਣ ਵਾਲੀ ਨਾਰੀ ਦਾ ਪ੍ਰਤੀਕ ਹੈ, ਸਮਾਜ ਨੂੰ ਇਸਤ੍ਰੀ ਸਨਮਾਨ ਅਤੇ ਸਮਾਨਤਾ ਦਾ ਸੁਨੇਹਾ ਦਿੰਦੀ ਹੈ।

ਮਹਾਂਰਿਸ਼ੀ ਵਾਲਮੀਕ ਜੀ ਨੇ ਰਾਮਾਇਣ ਦੀ ਰਚਨਾ ਰਾਹੀਂ ਇਹ ਸੁਨੇਹਾ ਦਿੱਤਾ ਕਿ ਸੱਚ, ਧਰਮ ਅਤੇ ਪ੍ਰੇਮ ਹੀ ਸਮਾਜ ਨੂੰ ਜੋੜਨ ਵਾਲੇ ਸੂਤਰ ਹਨ। ਉਨ੍ਹਾਂ ਦੀ ਰਚਨਾ ਵਿੱਚ ਸਮਾਜ ਦੇ ਹਰ ਵਰਗ—ਚਾਹੇ ਉਹ ਰਾਜਾ ਹੋਵੇ, ਪ੍ਰਜਾ ਹੋਵੇ, ਜਾਂ ਆਮ ਮਨੁੱਖ—ਸੱਭ ਦੀਆਂ ਭਾਵਨਾਵਾਂ ਅਤੇ ਸੰਘਰਸ਼ਾਂ ਨੂੰ ਸਥਾਨ ਮਿਲਿਆ। ਇਹ ਮਹਾਂਕਾਵਿ ਸਮਾਜ ਵਿੱਚ ਸਮਾਨਤਾ, ਨਿਆਂ ਅਤੇ ਸਹਿਯੋਗ ਦੀ ਭਾਵਨਾ ਨੂੰ ਮਜ਼ਬੂਤ ਕਰਦਾ ਹੈ।

ਭਗਵਾਨ ਵਾਲਮੀਕ ਜੀ ਨੂੰ ਆਦਿ ਕਵੀ ਹੋਣ ਦਾ ਮਾਣ ਹਾਸਲ ਹੈ ਉਹਨਾਂ ਦੀ ਰਚਨਾ ਰਾਮਾਇਣ ਆਰੀਆ-ਅਨਾਰੀਆ ਸੰਘਰਸ਼ ਅਤੇ ਸਮਾਜਕ ਦੁਰਦਸ਼ਾ ਦਾ ਮਾਨਵਤਾਵਾਦੀ ਚਿੰਤਨ ਹੈ।

ਭਗਵਾਨ ਵਾਲਮੀਕ ਜੀ ਦੀ ਅਮਰ ਕ੍ਰਿਤੀ ਰਾਮਾਇਣ ਸਿਰਫ਼ ਇੱਕ ਮਹਾਕਾਵਿ ਹੀ ਨਹੀਂ, ਸਗੋਂ ਸਮਾਜ ਦੀਆਂ ਗਹਿਰੀਆਂ ਸਮੱਸਿਆਵਾਂ, ਮਨੁੱਖੀ ਸੰਘਰਸ਼ ਅਤੇ ਨਾਰੀ ਦੀ ਦੁਰਦਸ਼ਾ ਦਾ ਇੱਕ ਸੰਵੇਦਨਸ਼ੀਲ ਚਿਤਰਣ ਹੈ। ਵਾਲਮੀਕ ਜੀ ਨੇ ਆਪਣੀ ਰਚਨਾ ਵਿੱਚ ਆਰੀਆ-ਅਨਾਰੀਆ ਸੰਘਰਸ਼, ਸਮਾਜਕ ਅਸਮਾਨਤਾਵਾਂ ਅਤੇ ਨਾਰੀ ਦੀ ਦੁਰਦਸ਼ਾ ਨੂੰ ਇੱਕ ਅਜਿਹੇ ਸੱਚੇ ਅਤੇ ਭਾਵੁਕਤਾ ਭਰਪੂਰ ਅੰਦਾਜ਼ ਵਿੱਚ ਪੇਸ਼ ਕੀਤਾ, ਜੋ ਸਦੀਆਂ ਬਾਅਦ ਵੀ ਸਮਾਜ ਨੂੰ ਆਈਨਾ ਵਿਖਾਉਂਦਾ ਹੈ। ਉਨ੍ਹਾਂ ਦੀ ਰਾਮਾਇਣ ਵਿੱਚ ਸਮਾਜ ਦੇ ਵੱਖ-ਵੱਖ ਵਰਗਾਂ—ਚਾਹੇ ਉਹ ਰਾਜਾ ਹੋਣ, ਰਿਸ਼ੀ ਹੋਣ, ਜਾਂ ਸਾਧਾਰਨ ਜਨ—ਦੀ ਦਸ਼ਾ ਅਤੇ ਉਨ੍ਹਾਂ ਦੇ ਸੰਘਰਸ਼ ਨੂੰ ਬੜੀ ਸੂਝ ਨਾਲ ਉਜਾਗਰ ਕੀਤਾ ਗਿਆ ਹੈ।

**ਆਰੀਆ-ਅਨਾਰੀਆ ਸੰਘਰਸ਼: ਸਮਾਜਕ ਵੰਡ ਦਾ ਚਿਤਰਣ**

ਭਗਵਾਨ ਵਾਲਮੀਕ ਜੀ ਦੀ ਰਾਮਾਇਣ ਵਿੱਚ ਆਰੀਆ-ਅਨਾਰੀਆ ਸੰਘਰਸ਼ ਨੂੰ ਸੂਖਮ ਪਰ ਪ੍ਰਭਾਵਸ਼ਾਲੀ ਢੰਗ ਨਾਲ ਦਰਸਾਇਆ ਗਿਆ ਹੈ। ਆਰੀਆ ਸਭਿਅਤਾ, ਜੋ ਆਪਣੇ ਆਦਰਸ਼ਾਂ, ਵੇਦਿਕ ਸੰਸਕਾਰਾਂ ਅਤੇ ਸਮਾਜਕ ਵਿਵਸਥਾ ਨੂੰ ਉੱਚ ਮੰਨਦੀ ਸੀ, ਅਕਸਰ ਅਨਾਰੀਆ ਜਨਜਾਤੀਆਂ ਜਾਂ ਸਮਾਜ ਦੇ ਹਾਸ਼ੀਏ 'ਤੇ ਰਹਿਣ ਵਾਲੇ ਵਰਗਾਂ ਨੂੰ ਨੀਵਾਂ ਸਮਝਦੀ ਸੀ। ਇਸ ਸੰਘਰਸ਼ ਨੂੰ ਰਾਮਾਇਣ ਵਿੱਚ ਕਈ ਪ੍ਰਸੰਗਾਂ ਰਾਹੀਂ ਦਰਸਾਇਆ ਗਿਆ, ਜਿਵੇਂ ਕਿ ਸ਼ੰਬੂਕ ਰਿਸ਼ੀ ਦੀ ਕਹਾਣੀ:

ਸ਼ੰਬੂਕ, ਜੋ ਇੱਕ ਸ਼ੂਦਰ ਸੀ, ਨੇ ਤਪੱਸਿਆ ਅਤੇ ਬੰਦਗੀ ਦਾ ਮਾਰਗ ਅਪਣਾਇਆ, ਪਰ ਸਮਾਜਕ ਨਿਯਮਾਂ ਦੇ ਉਲਟ ਜਾਣ ਦੇ ਦੋਸ਼ ਵਿੱਚ ਸ੍ਰੀ ਰਾਮ ਨੇ ਉਸ ਦਾ ਵਧ (ਕਤਲ) ਕਰ ਦਿੱਤਾ। ਇਹ ਪ੍ਰਸੰਗ ਸਮਾਜ ਦੀ ਉਸ ਸਮੇਂ ਦੀ ਕਠੋਰ ਜਾਤੀਵਾਦੀ ਵਿਵਸਥਾ ਨੂੰ ਪ੍ਰਤੀਬਿੰਬਤ ਕਰਦਾ ਹੈ, ਜਿਸ ਵਿੱਚ ਇੱਕ ਵਿਅਕਤੀ ਦੀ ਆਧਿਆਤਮਿਕ ਉੱਨਤੀ ਨੂੰ ਵੀ ਉਸ ਦੇ ਜਨਮ ਦੇ ਅਧਾਰ 'ਤੇ ਨਕਾਰਿਆ ਜਾਂਦਾ ਸੀ। ਭਗਵਾਨ ਵਾਲਮੀਕ ਜੀ ਨੇ ਇਸ ਪ੍ਰਸੰਗ ਰਾਹੀਂ ਸਮਾਜ ਨੂੰ ਸਵਾਲ ਕੀਤਾ ਕਿ ਜੇ ਇੱਕ ਰਿਸ਼ੀ, ਜੋ ਆਪਣੀ ਤਪੱਸਿਆ ਨਾਲ ਉੱਚੇ ਆਦਰਸ਼ਾਂ ਨੂੰ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ, ਨੂੰ ਸਜ਼ਾ ਮਿਲ ਸਕਦੀ ਹੈ, ਤਾਂ ਸਾਧਾਰਨ ਜਨਤਾ ਦੀ ਕੀ ਦਸ਼ਾ ਹੋਵੇਗੀ?

**ਸਮਾਜਕ ਜਾਗਰੂਕਤਾ ਅਤੇ ਮਾਨਵਤਾਵਾਦ**

ਭਗਵਾਨ ਵਾਲਮੀਕ ਜੀ ਦਾ ਜੀਵਨ ਅਤੇ ਕਾਰਜ ਮਾਨਵਤਾਵਾਦ ਦੀ ਸੱਭ ਤੋਂ ਵੱਡੀ ਮਿਸਾਲ ਹਨ। ਉਨ੍ਹਾਂ ਨੇ ਸਮਾਜ ਵਿੱਚ ਫੈਲੀਆਂ ਕੁਰੀਤੀਆਂ ਅਤੇ ਅਸਮਾਨਤਾਵਾਂ ਵਿਰੁੱਧ ਅਵਾਜ਼ ਉਠਾਈ। ਉਨ੍ਹਾਂ ਦੀ ਰਚਨਾ ਵਿੱਚ ਸੀਤਾ ਜੀ ਨੂੰ ਸ਼ਰਨ ਦੇਣਾ, ਲਵ-ਕੁਸ਼ ਨੂੰ ਸਿੱਖਿਆ ਅਤੇ ਸਤਿਕਾਰ ਦੇਣਾ, ਅਤੇ ਸਮਾਜ ਦੇ ਹਰ ਵਰਗ ਨੂੰ ਆਦਰ ਦੇਣ ਦਾ ਸੁਨੇਹਾ ਸਾਫ਼ ਝਲਕਦਾ ਹੈ।

ਭਗਵਾਨ ਵਾਲਮੀਕ ਜੀ ਦਾ ਸੁਨੇਹਾ ਅੱਜ ਵੀ ਸਮਾਜ ਲਈ ਪ੍ਰਸੰਗਿਕ ਹੈ। ਅੱਜ ਦੇ ਸਮੇਂ ਵਿੱਚ, ਜਦੋਂ ਜਾਤੀਵਾਦ, ਧਾਰਮਿਕ ਵੰਡੀਆਂ ਅਤੇ ਸਮਾਜਕ ਅਸਮਾਨਤਾਵਾਂ ਅਜੇ ਵੀ ਮੌਜੂਦ ਹਨ, ਵਾਲਮੀਕ ਜੀ ਦਾ ਜੀਵਨ ਸਾਨੂੰ ਸਿਖਾਉਂਦਾ ਹੈ ਕਿ ਸੱਚਾ ਧਰਮ ਮਨੁੱਖਤਾ ਦੀ ਸੇਵਾ ਵਿੱਚ ਹੈ। ਉਨ੍ਹਾਂ ਦੀ ਸਿੱਖਿਆ ਸਾਨੂੰ ਪ੍ਰੇਰਿਤ ਕਰਦੀ ਹੈ ਕਿ ਅਸੀਂ ਸਮਾਜ ਵਿੱਚ ਸਕਾਰਾਤਮਕ ਬਦਲਾਅ ਲਈ ਕੰਮ ਕਰੀਏ, ਹਰ ਵਿਅਕਤੀ ਨੂੰ ਸਤਿਕਾਰ ਦੇਈਏ ਅਤੇ ਅਗਿਆਨਤਾ ਦੇ ਹਨੇਰੇ ਨੂੰ ਗਿਆਨ ਦੀ ਰੌਸ਼ਨੀ ਨਾਲ ਦੂਰ ਕਰੀਏ।

ਭਗਵਾਨ ਵਾਲਮੀਕ ਜੀ ਦੀ ਸਭ ਤੋਂ ਵੱਡੀ ਦੇਣ ਸਮਾਜ ਨੂੰ ਇੱਕ ਅਜਿਹਾ ਦਰਸ਼ਨ ਦੇਣਾ ਸੀ ਜੋ ਸਮਾਨਤਾ, ਸੱਚ ਅਤੇ ਨਿਆਂ 'ਤੇ ਅਧਾਰਿਤ ਸੀ। ਉਨ੍ਹਾਂ ਦੀ ਰਾਮਾਇਣ ਨੇ ਸਮਾਜ ਨੂੰ ਨੈਤਿਕ ਮੁੱਲਾਂ ਦੀ ਸਿੱਖਿਆ ਦਿੱਤੀ ਅਤੇ ਇੱਕ ਅਜਿਹੀ ਪੀੜ੍ਹੀ ਨੂੰ ਪ੍ਰੇਰਿਤ ਕੀਤਾ ਜੋ ਸਮਾਜਕ ਸੁਧਾਰ ਅਤੇ ਮਨੁੱਖੀ ਅਧਿਕਾਰਾਂ ਲਈ ਸੰਘਰਸ਼ ਕਰੇ। ਉਨ੍ਹਾਂ ਦੇ ਜੀਵਨ ਦੀ ਕਹਾਣੀ ਸਾਨੂੰ ਸਿਖਾਉਂਦੀ ਹੈ ਕਿ ਸੁਧਾਰ ਅਤੇ ਪਰਿਵਰਤਨ ਸੰਭਵ ਹੈ, ਅਤੇ ਹਰ ਵਿਅਕਤੀ ਵਿੱਚ ਸਮਾਜ ਨੂੰ ਬਿਹਤਰ ਬਣਾਉਣ ਦੀ ਸਮਰੱਥਾ ਹੁੰਦੀ ਹੈ।

ਭਗਵਾਨ ਵਾਲਮੀਕ ਜੀ ਦਾ ਜੀਵਨ ਅਤੇ ਰਚਨਾਵਾਂ ਸਮਾਜ ਲਈ ਇੱਕ ਅਮਰ ਪ੍ਰੇਰਨਾ ਹਨ। ਉਨ੍ਹਾਂ ਦਾ ਮਾਨਵਤਾਵਾਦੀ ਨਜ਼ਰੀਆ, ਜਿਸ ਵਿੱਚ ਸਮਾਨਤਾ, ਸੱਚ ਅਤੇ ਪ੍ਰੇਮ ਦੀ ਭਾਵਨਾ ਸਮਾਈ ਹੋਈ ਹੈ, ਅੱਜ ਵੀ ਸਾਨੂੰ ਰਾਹ ਦਿਖਾਉਂਦਾ ਹੈ। ਉਨ੍ਹਾਂ ਦੀ ਜੀਵਨ-ਕਹਾਣੀ ਸਾਨੂੰ ਸਿਖਾਉਂਦੀ ਹੈ ਕਿ ਅਸੀਂ ਸੱਚੇ ਮਨ ਨਾਲ ਸਮਾਜ ਦੀ ਸੇਵਾ ਵਿੱਚ ਯੋਗਦਾਨ ਪਾ ਸਕਦੇ ਹਾਂ। ਵਾਲਮੀਕ ਜੀ ਦੀ ਜੋਤ ਅੱਜ ਵੀ ਸਾਡੇ ਦਿਲਾਂ ਵਿੱਚ ਪ੍ਰਕਾਸ਼ਮਾਨ ਹੈ, ਜੋ ਸਾਨੂੰ ਇੱਕ ਨਿਆਂਪੂਰਨ ਅਤੇ ਸਮਾਨਤਾਮਈ ਸਮਾਜ ਦੀ ਸਥਾਪਨਾ ਲਈ ਪ੍ਰੇਰਿਤ ਕਰਦੀ ਹੈ। ਅਜਿਹੇ ਮਹਾਨ ਰਹਿਬਰ ਦੀ ਜੀਵਨ-ਗਾਥਾ ਸਾਨੂੰ ਸਦਾ ਯਾਦ ਦਿਵਾਉਂਦੀ ਹੈ "ਸੱਚ ਅਤੇ ਪ੍ਰੇਮ ਨਾਲ ਹੀ ਸਮਾਜ ਦੀ ਸੱਚੀ ਉੱਨਤੀ ਸੰਭਵ ਹੈ।"



ਲਾਲ ਸਿੰਘ ਸੁਲਹਾਣੀ
9872155120

# ਚਾਰ ਅੱਖਾਂ ਤੇ ਦੋ ਦਿਲਾਂ ਵਾਲਾ ਗੁਰਵਿੰਦਰ ਸ਼ਰਮਾ

ਅੱਜ ਸਵੇਰੇ ਇੱਕ ਤਸਵੀਰ ਵੇਖੀ ਜਿਸ ਵਿੱਚ ਸਮਾਜ ਸੇਵੀ ਗੁਰਵਿੰਦਰ ਬਠਿੰਡਾ ਇੱਕ ਦਰਖਤ ਨੂੰ ਟ੍ਰੀ ਗਾਰਡ ਤੋਂ ਮੁਕਤ ਕਰਵਾ ਰਿਹਾ ਸੀ। ਲੋਹੇ ਦੀ ਐਂਗਲ ਅਤੇ ਜਾਲੀ ਨਾਲ ਬਣੇ ਟ੍ਰੀ ਗਾਰਡ ਨੇ ਦਰੱਖਤ ਨੂੰ ਆਪਣੇ ਵਿੱਚ ਜਕੜ ਰੱਖਿਆ ਸੀ। ਉਸ ਦੇ ਮੋਟੇ ਤਣੇ ਤੇ ਕੱਟਦੇ ਨਿਸ਼ਾਨ ਸਨ ਐਂਗਲ ਨੇ ਉਸ ਤੇ ਜ਼ਖਮ ਕਰ ਰੱਖੇ ਸਨ। ਇਹ ਸਿਰਫ ਚਾਰ ਅੱਖਾਂ ਵਾਲੇ ਗੁਰਵਿੰਦਰ ਸ਼ਰਮਾ ਨੂੰ ਹੀ ਨਜ਼ਰ ਆਇਆ। ਅੱਜਕਲ੍ਹ ਉਹ 'ਰੁੱਖਾਂ ਦੇ ਰਖਵਾਲੇ' ਬੈਨਰ ਹੇਠ ਆਪਣੀ ਟੀਮ ਨਾਲ ਸ਼ਹਿਰ ਵਿੱਚ ਵਿਚਰਦਾ ਹੈ। ਉਹ ਨਵੇਂ ਬੂਟੇ ਹੀ ਨਹੀਂ ਲਾਉਂਦਾ, ਪੁਰਾਣਿਆਂ ਦੀ ਸਾਂਭ ਸੰਭਾਲ ਵੀ ਕਰਦਾ ਹੈ। ਲੋੜੀਂਦੀ ਕਟਾਈ ਛਗਾਈ ਵੀ ਕਰਦਾ ਹੈ। ਨਵੇਂ ਬੂਟਿਆਂ ਨੂੰ ਸਮਾਜਿਕ ਦਰਿੰਦਿਆਂ ਤੋਂ ਬਚਾਉਣ ਲਈ ਨਵੇਂ ਟ੍ਰੀ ਗਾਰਡ ਲਾਉਂਦਾ ਹੈ। ਪਰ ਇਹ ਕੰਮ ਸਾਨੂੰ ਦੋ ਅੱਖਾਂ ਵਾਲਿਆਂ ਨੂੰ ਨਜ਼ਰ ਨਹੀਂ ਆਉਂਦੇ ਕਿਉਂਕਿ ਅਸੀਂ ਕੰਮ ਵਾਲੇ ਜੁ ਹੋਏ ਤੇ ਇਹ ਵੇਹਲੇ ਲੋਕਾਂ ਦੇ ਕੰਮ ਹਨ। ਮੈਂ ਇਸਨੂੰ ਚਾਰ ਅੱਖਾਂ ਵਾਲਾ ਇਸ ਲਈ ਕਹਿੰਦਾ ਹਾਂ ਕਿ ਸਾਨੂੰ ਦੋ ਅੱਖਾਂ ਵਾਲਿਆਂ ਨੂੰ ਜੋ ਨਜ਼ਰ ਨਹੀਂ ਆਉਂਦਾ ਉਹ ਇਸ ਨੂੰ ਨਜ਼ਰ ਆਉਂਦਾ ਹੈ। ਦੋ ਦਿਲ ਇਸ ਲਈ ਕਿ ਇੱਕ ਇਸ ਧੜਕਦਾ ਹੈ ਦੂਜਾ ਗਰੀਬਾਂ ਤੇ ਲੋੜਵੰਦਾਂ ਲਈ।

ਗੁਰਿੰਦਰ ਇਕੱਲੇ ਰੁੱਖਾਂ ਦਾ ਰਖਵਾਲਾ ਹੀ ਨਹੀਂ। ਉਹ ਜੀਓ ਅਤੇ ਜੀਣ ਦਿਓ ਦੇ ਸਿਧਾਂਤ ਤੇ ਚਲਦਾ ਹੈ। ਉਹ ਜੰਗਲੀ ਅਤੇ ਜ਼ਹਿਰੀਲੇ ਜਾਨਵਰਾਂ ਨੂੰ ਮਾਰਨ ਤੋਂ ਰੋਕਦਾ ਹੈ। ਉਹ ਜ਼ਹਿਰੀਲੇ ਸੱਪਾਂ ਨੂੰ ਫੜਕੇ ਬਾਹਰ ਖੁੱਲ੍ਹੇ ਵਿੱਚ ਛੱਡ ਆਉਂਦਾ ਹੈ। ਇਸੇ ਲਈ ਤਾਂ ਉਸਨੂੰ ਲੋਕ ਗੁਰਵਿੰਦਰ ਸੱਪਾਂ ਵਾਲਾ ਵੀ ਕਹਿੰਦੇ ਹਨ। ਉਹ ਕਿਸੇ ਘਰ ਦੁਕਾਨ ਵਿੱਚ ਸੱਪ ਦੀ ਸੂਚਨਾ ਮਿਲਣ ਤੇ ਝੱਟ ਪਹੁੰਚ ਜਾਂਦਾ ਹੈ। ਸੱਪ ਨੂੰ ਰੇਸਕਿਉ ਕਰਦਾ ਹੈ। ਡਰ ਨਾਲ ਕੰਬਦੇ ਪਰਿਵਾਰ ਦੇ ਸ਼ਾਹਮਣੇ ਸੱਪ ਨੂੰ ਲੱਭਕੇ ਕਾਬੂ ਕਰਦਾ ਹੈ।

"ਸੇਠੀ ਸਾਹਿਬ ਮੈਨੂੰ ਸਭ ਤੋਂ ਜਿਆਦਾ ਦੁੱਖ ਓਦੋਂ ਹੁੰਦਾ ਹੈ ਜਦੋਂ ਕੁਝ ਲੋਕ ਮੇਰੇ ਪਹੁੰਚਣ ਤੋਂ ਪਹਿਲਾਂ ਹੀ ਸੱਪ ਨੂੰ ਮਾਰ ਦਿੰਦੇ ਹਨ। ਓਦੋਂ ਮੇਰਾ ਜੀਅ ਕਰਦਾ ਹੈ ਕਿ ਮੈਂ ਇਸਦਾ ਬਦਲਾ ਲਵਾਂ।" ਇੱਕ ਦਿਨ ਮੇਰੇ ਨਾਲ ਗੱਲ ਕਰਦੇ ਹੋਏ ਗੁਰਵਿੰਦਰ ਨੇ ਕਿਹਾ।



ਉਂਜ ਗੁਰਵਿੰਦਰ ਇਕੱਲਾ ਦਰੱਖਤਾਂ ਅਤੇ ਜੰਗਲੀ ਜੀਵਾਂ ਦੀ ਰੱਖਿਆ ਹੀ ਨਹੀਂ ਕਰਦਾ। ਲੋੜਵੰਦ ਮਰੀਜਾਂ ਨੂੰ ਮਾਲੀ ਇਮਦਾਦ, ਡਾਕਟਰੀ ਸਹਾਇਤਾ ਦੇ ਮੌਕੇ ਇਹ ਖੁੰਝਣ ਨਹੀਂ ਦਿੰਦਾ।

"ਇਸ ਮਰੀਜ਼ ਲਈ ਹੋਰ ਸਹਾਇਤਾ ਨਾ ਭੇਜੀ ਜਾਵੇ।" ਮੈਂ ਅਕਸਰ ਇਸ ਦੀਆਂ ਅਜਿਹੀਆਂ ਪੋਸਟਾਂ ਦੇਖਦਾ ਰਹਿੰਦਾ ਹਾਂ। ਕਿਸੇ ਨੂੰ ਖੂਨ ਦੀ ਲੋੜ ਹੋਵੇ ਤਾਂ ਅਗਲਾ ਝੱਟ ਗੁਰਵਿੰਦਰ ਨੂੰ ਫੋਨ ਮਾਰ ਦਿੰਦਾ ਹੈ। ਚਾਹੇ ਇਸਦੇ ਇੱਕ ਬੋਲ ਤੇ ਡੋਨਰ ਪਹੁੰਚ ਜਾਂਦੇ ਹਨ ਪਰ ਗੁਰਵਿੰਦਰ ਨੂੰ ਸਮਾਜ ਤੇ ਇਹ ਗਿਲਾ ਹੈ ਕਿ ਚਾਰ ਪੰਜ ਸੌ ਲੋਕਾਂ ਨੂੰ ਜਿੰਨਾ ਨੂੰ ਉਹ ਆਪਣੇ ਖ਼ਾਸ ਸਮਝਦੇ ਹਨ ਆਪਣੇ ਵਿਆਹ ਸ਼ਾਦੀ ਅਤੇ ਖੁਸ਼ੀ ਦੇ ਸਮਾਰੋਹਾਂ ਤੇ ਬੁਲਾਉਣ ਵਾਲੇ ਮੁਸੀਬਤ ਵੇਲੇ ਆਪਣੇ ਸਕਿਆਂ ਚੋਂ ਇੱਕ ਖੂਨਦਾਨੀ ਨਹੀਂ ਲੱਭ ਸਕਦੇ।

ਮੇਰੇ ਵਰਗੇ ਬਹੁਤ ਲੋਕ ਹੋਣਗੇ ਜੋ ਗੁਰਵਿੰਦਰ ਤੇ ਤਵਾ ਲਾਉਂਦੇ ਹਨ। ਇਹ ਵਿਹਲਾ ਹੈ। ਇਹ ਧੱਕਾ ਕਰਦਾ ਹੈ। ਇਹ ਗੁੰਡਾਗਰਦੀ ਕਰਦਾ ਹੈ। ਗੱਲ ਓਹਨਾ ਦੀ ਵੀ ਸਹੀ ਹੈ। ਜਦੋਂ ਕੋਈ ਹਸਪਤਾਲ ਕਿਸੇ ਦੀ ਡੈਡ ਬਾਡੀ ਦੇਣ ਲਈ ਲੱਖਾਂ ਰੁਪਏ ਦੀ ਮੰਗ ਕਰੇ। ਜਦੋ ਪ੍ਰਸ਼ਾਸ਼ਨ ਪੁਲਸ ਜਾਂ ਆਮ ਪਬਲਿਕ ਕਿਸੇ ਮੁਸੀਬਤ ਦੇ ਮਾਰੇ ਪਰਿਵਾਰ ਦੀ ਬਾਂਹ ਨਾ ਫੜੇ ਤਾਂ ਗੁਰਵਿੰਦਰ ਮੂਹਰੇ ਆਉਂਦਾ ਹੈ। ਓਦੋਂ ਗੁਰਵਿੰਦਰ ਗੁੰਡਾ ਹੈ। ਚਾਹੇ ਸਕੂਲੀ ਬੱਚੀ ਨਾਲ ਛੇੜਛਾੜ ਦਾ ਮਸਲਾ ਹੋਵੇ ਜਾਂ ਕਿਤੇ ਵੱਡੇ ਖੱਡੇ ਦਾ ਮਸਲਾ ਹੋਵੇ ਜਿਸ ਦਾ ਪ੍ਰਸ਼ਾਸ਼ਨ ਕੋਲ੍ਹ ਕੋਈ ਹੱਲ ਨਾ ਹੋਵੇ ਤਾਂ ਫਿਰ ਗੁਰਵਿੰਦਰ ਸੜਕਾਂ ਦੇ ਟੋਏ ਭਰਦਾ ਨਜ਼ਰ ਆਉਂਦਾ ਹੈ ਤੇ ਜ਼ੁਲਮ ਕਰਨ ਵਾਲਿਆਂ ਦਾ ਮੂਹਰੇ ਹੋਕੇ ਮੁਕਾਬਲਾ ਕਰਦਾ ਹੈ। ਫਿਰ ਉਹ ਲੋਕ ਗੁਰਵਿੰਦਰ ਦੇ ਹਾਰ ਨਹੀਂ ਪਾਉਂਦੇ ਆਪਣੇ ਨਜਾਇਜ ਰੁਤਬਿਆਂ ਨਾਲ ਨਿਵਾਜਦੇ ਹਨ। ਗੁਰਵਿੰਦਰ ਆਪਣੇ ਬਾਰੇ ਗਲਤ ਬੋਲਣ ਵਾਲਿਆਂ ਦੀ ਪਰਵਾਹ ਨਹੀਂ ਕਰਦਾ। ਗੁਰਵਿੰਦਰ ਕੋਲ੍ਹ ਇਹ ਹੁਨਰ ਹੈ ਕਿ ਉਹ ਨਾਮੀ ਡਾਕਟਰ ਨੂੰ ਵੀ ਲੋੜਵੰਦ ਦਾ ਇਲਾਜ਼ ਥੋੜੇ ਪੈਸਿਆਂ ਵਿੱਚ ਕਰਨ ਲਈ ਰਾਜ਼ੀ ਕਰ ਲੈਂਦਾ ਹੈ।

ਸਮਾਜ ਵਿੱਚ ਆਪਣੀ ਕਲਾਕਾਰੀ ਵਿਖਾਉਣ ਵਾਲਾ ਗੁਰਵਿੰਦਰ ਸੱਚਮੁੱਚ ਛੋਟੀਆਂ ਫ਼ਿਲਮਾਂ ਦਾ ਕਲਾਕਾਰ ਵੀ ਹੈ। ਕਈ ਫ਼ਿਲਮਾਂ ਵਿੱਚ ਇਸਨੇ ਰੋਲ ਕੀਤੇ ਹਨ। ਇਸ ਕੋਲ੍ਹ ਦੂਸਰਿਆਂ ਦੀ ਜੇਬ ਚੋ ਸਹਾਇਤਾ ਲਈ ਪੈਸੇ ਕਢਵਾਉਣ ਦਾ ਵੀ ਹੁਨਰ ਹੈ। ਇਸ ਦੇ ਸਮਾਜਿਕ ਕੰਮਾਂ ਨੂੰ ਵੇਖਕੇ ਕੋਈ ਆਪਣਾ ਹਿੱਸਾ ਪਾਉਣ ਤੋਂ ਗੁਰੇਜ਼ ਨਹੀਂ ਕਰਦਾ। ਉਂਜ ਮੈਂ ਕਦੇ ਇਸ ਨਾਲ ਕਿਸੇ ਸਮਾਜ ਸੇਵਾ ਦੇ ਕੰਮ ਵਿੱਚ ਹਿੱਸਾ ਨਹੀਂ ਲਿਆ ਤੇ ਨਾ ਹਿੱਸਾ ਪਾਇਆ ਹੈ। ਪਰ ਆਪਣੀ ਕਲਮ ਨਾਲ ਜਰੂਰ ਇਸ ਦੀ ਹੌਸਲਾ ਅਫਜਾਈ ਕੀਤੀ ਹੈ। ਤਾਂਕਿ ਇਸਨੂੰ ਵੇਖਕੇ ਹਰ ਮਾਂ ਆਪਣੇ ਬੇਟੇ ਨੂੰ ਗੁਰਵਿੰਦਰ ਸ਼ਰਮਾ ਬਣਾਉਣ ਦਾ ਸੁਫਨਾ ਵੇਖੇ।



**ਰਮੇਸ਼ ਸੇਠੀ ਬਾਦਲ**
**9876627233**



# 9 ਅਕਤੂਬਰ ਨੂੰ ਬਸਪਾ ਮਹਾਂਰੈਲੀ ਨੂੰ ਸਫਲ ਬਣਾਉਣ ਲਈ ਸੋਫੀ ਪਿੰਡ ਵਿਖੇ ਮੀਟਿੰਗ ਹੋਈ

**ਜਲੰਧਰ(ਪਰਮਜੀਤ ਜੱਸਲ)**- ਬਹੁਜਨ ਸਮਾਜ ਪਾਰਟੀ ਸੋਫੀ ਪਿੰਡ ਕਲੱਸਟਰ ਦੇ ਪ੍ਰਧਾਨ ਸ੍ਰੀ ਸਤੀਸ਼ ਕੁਮਾਰ ਜੀ ਦੀ ਪ੍ਰਧਾਨਗੀ ਹੇਠ ਸੋਫੀ ਪਿੰਡ ਵਿਖੇ ਮੀਟਿੰਗ ਹੋਈ। ਜਿਸ ਵਿੱਚ 9 ਅਕਤੂਬਰ ਨੂੰ ਫਿਲੌਰ ਵਿੱਚ ਬਸਪਾ ਮਹਾਰੈਲੀ ਵਿਚ ਜਾਣ ਦਾ ਫੈਸਲਾ ਲਿਆ ਗਿਆ। ਸ਼੍ਰੀ ਸਤੀਸ਼ ਕੁਮਾਰ ਜੀ ਨੇ ਦੱਸਿਆ ਕਿ ਬਹੁਜਨ ਸਮਾਜ ਪਾਰਟੀ ਦੇ ਸੰਸਥਾਪਕ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦੇ ਪ੍ਰੀਨਿਰਵਾਣ ਦਿਵਸ ਨੂੰ ਸਮਰਪਿਤ ਫਿਲੌਰ ਵਿਖੇ "ਤਖਤ ਬਦਲ ਦਿਓ,ਤਾਜ ਬਦਲ ਦਿਓ " ਮਹਾਂਰੈਲੀ ਦਾ ਤਨ, ਮਨ ਤੇ ਧਨ ਨਾਲ ਸਹਿਯੋਗ ਕੀਤਾ ਜਾਵੇਗਾ। ਇਸ ਮੌਕੇ 'ਤੇ ਜਲੰਧਰ ਕੈਂਟ ਦੇ ਬਸਪਾ ਹਲਕਾ ਇੰਚਾਰਜ ਸ੍ਰੀ ਹਰਜਿੰਦਰ ਬੰਗਾ, ਅਤੇ ਬਸਪਾ ਮਹਿਲਾ ਵਿੰਗ ਦੇ ਪ੍ਰਧਾਨ ਸ੍ਰੀਮਤੀ ਸਤਨਾਮ ਕੌਰ ਨੇ ਵੀ ਪਾਰਟੀ ਦੀਆਂ ਗਤੀਵਿਧੀਆਂ ਉੱਪਰ ਚਾਨਣਾ ਪਾਇਆ। ਇਸ ਮੀਟਿੰਗ ਵਿੱਚ ਬਸਪਾ ਸੀਨੀਅਰ ਆਗੂ ਰਾਮ ਜੀ ਰਾਮ, ਅਸ਼ੋਕ ਕੁਮਾਰ,ਚਮਨ ਸਾਂਪਲਾ,ਲੈਂਬਰ ਬੰਗੜ, ਮਾਸਟਰ ਰਾਮ ਲਾਲ, ਨਰੇਸ਼ ਕੁਮਾਰ ,





ਐਡਵੋਕੇਟ ਹਰਭਜਨ ਸਾਂਪਲਾ,ਲਾਲ ਚੰਦ ਅਤੇ ਹੋਰ ਪਾਰਟੀ ਵਰਕਰਾਂ ਨੇ ਹਿੱਸਾ ਲਿਆ। ਇਸ ਮੌਕੇ ਇਹ ਵੀ ਮਤਾ ਪਾਸ ਕਰਕੇ ਇਸ ਘਟਨਾ ਦੀ ਸਖਤ ਨਿਖੇਧੀ ਕੀਤੀ ਗਈ,ਜੋ ਮਾਨਯੋਗ ਸੁਪਰੀਮ ਕੋਰਟ ਦੇ ਮੁੱਖ ਜੱਜ ਸ੍ਰੀ ਗਵਈ ਉੱਪਰ ਚੱਪਲ ਸੁੱਟੀ ਗਈ। ਚੱਪਲ ਸੁੱਟਣ ਵਾਲੇ ਦੋਸ਼ੀ ਵਕੀਲ ਵਿਰੁੱਧ ਤੁਰੰਤ ਸਖਤ ਤੋਂ ਸਖਤ ਕਾਨੂੰਨੀ ਕਾਰਵਾਈ ਕਰਨ ਦੀ ਮੰਗ ਕੀਤੀ ਗਈ। ਇਸ ਗੱਲ ਦੀ ਵੀ ਨਿਖੇਧੀ ਕੀਤੀ ਈ ਕਿ ਪੰਜਾਬ ਤੋਂ ਰਾਜ ਸਭਾ ਸੀਟ ਲਈ ਇੱਕ ਵੀ ਦਲਿਤ ਵਿਅਕਤੀ ਨੂੰ ਨਹੀਂ ਚੁਣਿਆ ਗਿਆ, ਜਿਸ ਤੋਂ ਪੰਜਾਬ ਸਰਕਾਰ ਦਾ ਦਲਿਤ ਵਿਰੋਧੀ ਚਿਹਰਾ ਨੰਗਾ ਹੁੰਦਾ ਹੈ।

# ਨਾਟਕ ਪਾਰਕ

"ਅੱਜ ਕੱਲ੍ਹ ਬਠਿੰਡਾ ਵਿੱਚ ਨਾਟਕਾਂ ਦੀ ਧੁਰੀ ਡਾਕਟਰ ਕੀਰਤੀ ਕ੍ਰਿਪਾਲ ਦੁਆਲੇ ਹੀ ਘੁੰਮਦੀ ਹੈ। ਕਦੇ ਬਠਿੰਡਾ ਬਲਵੰਤ ਗਾਰਗੀ ਦੀ ਧਰਤੀ ਹੋਇਆ ਕਰਦਾ ਸੀ। ਫਿਰ ਟੋਨੀ ਬਾਤਿਸ਼ ਦਾ ਯੁੱਗ ਆਇਆ ਤੇ ਹੁਣ ਨਾਟਿਅਮ ਦੇ ਇਸ ਪੰਦਰਾਂ ਰੋਜ਼ ਫੈਸਟੀਵਲ ਦੀ ਸਫਲਤਾ ਦਾ ਸਿਹਰਾ ਕੀਰਤੀ ਕ੍ਰਿਪਾਲ ਦੀ ਮਿਹਨਤ ਨੂੰ ਜਾਂਦਾ ਹੈ।" 14ਵੇਂ ਨਾਟਿਅਮ ਨੈਸ਼ਨਲ ਫੈਸਟੀਵਲ ਵਿੱਚ ਦੇ ਅੱਜ ਦੇ ਨਾਟਕ ਪਾਰਕ ਦੇ ਵਿਸ਼ੇਸ਼ ਮਹਿਮਾਨ ਡਾ ਨਿਰਮਲ ਜੌੜਾ ਡਾਇਰੈਕਟਰ ਯੂਥ ਵੈਲਫੇਅਰ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਨੇ ਆਪਣੇ ਸੰਬੋਧਨ ਵਿੱਚ ਕਿਹਾ। ਭਾਵੇਂ ਇਸ ਤੋਂ ਪਹਿਲਾਂ ਡਿੰਪੀ ਢਿੱਲੋਂ ਵਿਧਾਇਕ ਗਿੱਦੜਬਾਹਾ ਆਪਣੇ ਭਾਸ਼ਣ ਵਿੱਚ ਨਾਟਿਅਮ ਨੂੰ ਸਰਕਾਰ ਵੱਲੋਂ ਹਰ ਸੰਭਵ ਸਹਾਇਤਾ ਦਿਵਾਉਣ ਲਈ ਆਪਣੇ ਭਾਸ਼ਣ ਵਿੱਚ ਦੱਸ ਚੁੱਕੇ ਸਨ ਪ੍ਰੰਤੂ ਪੜ੍ਹੇ ਲਿਖੇ ਅਫਸਰਾਂ ਅਤੇ ਸਿਆਸੀ ਲੋਕਾਂ ਦੀ ਗੱਲ ਵਿੱਚ ਫਰਕ ਤਾਂ ਹੁੰਦਾ ਹੀ ਹੈ। ਨਾਟਿਅਮ ਦੇ ਪੈਟਰਨ ਡਾਕਟਰ ਕਸ਼ਿਸ਼ ਗੁਪਤਾ ਜੀ ਵੀ ਇਸੇ ਕੋਸ਼ਿਸ਼ ਵਿੱਚ ਰਹਿੰਦੇ ਹਨ ਕਿ ਨਾਟਿਅਮ ਕਿਸੇ ਹਿਸਾਬ ਨਾਲ ਆਪਣੇ ਪੈਰਾਂ ਤੇ ਖੜਾ ਹੋ ਜਾਵੇ। ਨਾਟਕ ਦੇ ਤੀਜੇ ਵਿਸ਼ੇਸ਼ ਮਹਿਮਾਨ ਸ਼੍ਰੀ ਵਿਕਾਸ ਗਰੋਵਰ ਸ਼ੋਸ਼ਲ ਐਕਟਵਿਸ ਨੇ ਵੀ ਨਾਟਕ ਦੀ ਸਫਲਤਾ ਅਤੇ ਕੀਰਤੀ ਕ੍ਰਿਪਾਲ ਦੀ ਮਿਹਨਤ ਦੀ ਗੱਲ ਕੀਤੀ। ਅੱਜ ਦੇ ਇਹ ਨਾਟਕ ਪਾਰਕ ਦੇ ਲੇਖਕ ਸ੍ਰੀ ਮਾਨਵ ਕੌਲ ਹਨ ਅਤੇ ਇਹ ਨਿਊ ਉਥਾਨ ਥੀਏਟਰ ਗਰੁੱਪ ਕੁਰੂਕਸ਼ੇਤਰ ਹਰਿਆਣਾ ਦੀ ਪੇਸ਼ਕਾਰੀ ਸੀ। ਅਤੇ ਇਸ ਨੂੰ ਸ਼੍ਰੀ ਵਿਕਾਸ ਸ਼ਰਮਾ ਨੇ ਨਿਰਦੇਸ਼ਿਤ ਕੀਤਾ ਸੀ। ਨਾਟਕ ਦੀ ਕਹਾਣੀ ਇੱਕ ਮੰਦਬੁੱਧੀ ਬੱਚੇ ਦੀ ਸੋਚ ਅਤੇ ਉਸ ਨੂੰ ਸਮਝਣ ਦੀ ਘਾਟ ਦੁਆਲੇ ਘੁੰਮਦੀ ਹੈ। ਇਸਦਾ ਥੀਮ ਥੋੜਾ ਜਿਹਾ ਮਨੋਵਿਗਿਆਨਕ ਜਿਹਾ ਸੀ।






ਜਿਸ ਨੂੰ ਡਾਇਰੈਕਟਰ ਨੇ ਆਪਣੇ ਬੇਹਤਰੀਨ ਢੰਗ ਨਾਲ ਪੇਸ਼ ਕੀਤਾ। ਭਾਵੇਂ ਨਾਟਕ ਦੌਰਾਨ ਤਾੜੀਆਂ ਦੀ ਕੋਈ ਕਮੀ ਨਹੀਂ ਆਈ। ਪ੍ਰੰਤੂ ਕੁੱਝ ਕੁ ਅਗਲੀਆਂ ਕੁਰਸੀਆਂ ਦਾ ਖਾਲੀ ਹੋਣਾ ਤੇ ਹਾਲ ਦਾ ਕੁਰਸੀਆਂ ਨਾਲ ਅਖੀਰ ਤੱਕ ਭਰੇ ਹੋਣਾ ਅਜੀਬ ਜਿਹਾ ਲੱਗਦਾ ਸੀ। ਹਾਜ਼ਰੀ ਪੱਖੋਂ ਬਠਿੰਡਾ ਵਾਸੀਆਂ ਨੇ ਕੋਈ ਕਸਰ ਨਹੀਂ ਛੱਡੀ। ਹੁਣ ਤਾਂ ਮਲੋਟ, ਗਿੱਦੜਬਾਹਾ ਅਤੇ ਨੇੜਲੀਆਂ ਮੰਡੀਆਂ ਤੋਂ ਵਾਧੂ ਦਰਸ਼ਕ ਆਉਂਦੇ ਹਨ। ਨਾਟਕ ਦੇ ਸਪਾਂਸਰਾਂ ਦੀ ਲਿਸਟ ਸੁਣਾਉਣ ਵੇਲੇ ਵੀ ਮੰਚ ਸੰਚਾਲਕ V.J. Gurmeet Dihmaan ਅਤੇ ਉਸਦੇ ਸਾਥੀ ਸੰਦੀਪ ਗਿੱਲ ਨੂੰ ਵੀ ਸਾਂਹ ਲੈਣਾ ਪੈਂਦਾ ਹੈ।

**ਰਮੇਸ਼ ਸੇਠੀ ਬਾਦਲ**
**9876627233**

# ਵੈਦ ਦੀ ਕਲਮ ਤੋਂ: ਜਦ ਮੈਂ ਮਾਤਾ ਰਾਣੀ ਦੀ ਬੰਨ੍ਹੀ ਹੋਈ ਕੁੱਖ ਖੋਲ੍ਹੀ

ਸੁਨਾਮ ਵਿੱਚ ਰਹਿੰਦੇ ਬਾਪ ਪੁੱਤ, ਉਦੋਂ ਸਰਕਾਰੀ ਰਾਸ਼ਨ ਦਾ ਡੀਪੂ ਚਲਾਉਂਦੇ ਸੀ, ਜਦ ਮੇਰੀ ਉਹਨਾਂ ਨਾਲ ਦੋਸਤੀ ਹੋਈ। 2009 ਵਿਚ ਮੁੰਡੇ ਦਾ ਵਿਆਹ ਹੋ ਗਿਆ। ਕੋਈ ਸੱਤ ਅੱਠ ਮਹੀਨੇ ਬਾਅਦ ਮੇਰੀ ਉਸ ਨਾਲ ਗੱਲ ਹੋਈ ਤਾਂ ਮੈਂ ਬੱਚੇ ਬਾਰੇ ਪੁੱਛਿਆ ਕਿ ਕੀ ਪਰੋਗਰਏਸਸ ਹੈ ? ਉਹ ਕਹਿੰਦਾ, ਅੰਕਲ ਟਾਇਮ ਲੱਗੇਗਾ। ਮੇਰੇ ਸਹੁਰੇ ਪਿੰਡ ਕਿਸੇ ਵਿਚ ਦੇਵੀ ਆਉਂਦੀ ਹੈ। ਉਹਨੇ ਦੱਸਿਆ, ਕਿ ਮੇਰੀ ਘਰਵਾਲੀ ਦੀ ਕੁੱਖ ਬੰਨ੍ਹੀ ਹੋਈ ਹੈ। ਜਿਸ ਕਰਕੇ ਅਜੇ ਦੋ ਸਾਲ ਬਚਾ ਨਹੀਂ ਹੋ ਸਕਦਾ। ਮੈਂ ਮੁਸਕਰਾਇਆ ਤੇ ਉਹਨੂੰ ਕਿਹਾ, ਕਿ ਸ਼ਰਧਾ ਆਪਣੀ ਜਗ੍ਹਾ ਹੈ ਤੇ ਇਲਾਜ ਆਪਣੀ ਜਗ੍ਹਾ। ਪਹਿਲਾਂ ਆਪਣੇ ਸਪਰਮ ਚੈੱਕ ਕਰਵਾ। ਮੇਰੇ ਕਹਿਣ ਤੇ ਉਸਨੇ ਕਰਵਾ ਲਏ। ਸਪ੍ਰਮ ਕਾਫੀ ਘੱਟ ਸੀ। ਮੈਂ ਦੇਖ ਕੇ ਉਸਦੇ ਬਾਪ ਨਾਲ ਗੱਲ ਕੀਤੀ। ਉਹ ਜੱਟ ਕਿਸਮ ਦਾ ਬਾਣੀਆਂ ਹੈ। ਪਿੰਡਾਂ ਵਿਚ ਜਨਮਿਆ ਹੋਇਆ ਤੇ ਇਹਨਾ ਵਹਿਮਾਂ ਭਰਮਾਂ ਤੋਂ ਦੂਰ। ਮੈਨੂੰ ਕਹਿੰਦਾ, ਵੈਦ ਤੂੰ ਦਵਾਈ ਦੇਹ, ਇਹ ਤਾਂ ਸਾਲ਼ੇ ਪਾਗ਼ਲ ਨੇ ਤੇ ਮੇਰਾ ਕੁੜਮ ਤਾਂ ਹਫਤੇ ਵਿਚ ਦਸ ਡੇਰਿਆਂ ਤੇ ਤਾਂ ਮੱਥਾ ਟੇਕਦਾ। ਮੈਂ ਦਵਾਈ ਬਣਾ ਦਿੱਤੀ ਤੇ ਉਸਨੂੰ ਕਿਹਾ ਕਿ ਦਵਾਈ ਖਾਣ ਤੋਂ ਵੀ ਦਸ ਵੀਹ ਦਿਨ ਰੁਕ ਕੇ ਚੈੱਕ ਕਰਵਾਉਣਾ। ਕਿਉਂਕਿ ਦੇਸੀ ਦਵਾਈ ਥੋੜ੍ਹੀ ਹੌਲੀ ਹੌਲੀ ਕੰਮ ਕਰਦੀ ਹੈ। ਤਕਰੀਬਨ ਮਹੀਨਾ ਡੇਢ ਮਹੀਨਾ ਬਾਅਦ ਉਹ ਮਿਲਿਆ ਤਾਂ ਮੈਂ ਪੁੱਛਿਆ ਕਿ ਚੈੱਕ ਕਰਵਾ ਲਏ ? ਉਹ ਹਸਦਾ ਹੋਇਆ ਬੋਲਿਆ, ਅੰਕਲ ਜਰੂਰਤ ਹੀ ਨਹੀਂ ਪਈ। ਤੁਹਾਡੀ ਨੂੰਹ ਪ੍ਰੈਗਨੈਂਟ ਹੈ। ਮੈਂ ਹਸਦੇ ਹੋਏ ਕਿਹਾ, ਹੁਣ ਦੇਵੀ ਜਗਾਉਣ ਵਾਲੇ ਨੂੰ ਵੀ ਮੱਥਾ ਟੇਕ ਆਉਣਾ ਸੀ। ਮੇਰੀ ਇਸ ਪੋਸਟ ਦਾ ਮਤਲਬ ਸਿਰਫ਼ ਇੰਨਾ ਹੈ, ਕਿ ਤੁਹਾਡਾ ਰੱਬ ਤੇ ਵਿਸ਼ਵਾਸ਼ ਆਪਣੇ ਧਰਮ ਤੇ ਆਸਥਾ ਆਪਣੀ ਜਗ੍ਹਾ ਹੈ। ਇਹ ਤੁਹਾਡੇ ਮਨ ਨੂੰ ਸ਼ਾਂਤੀ ਦੇ ਸਕਦੇ ਨੇ।ਭੱਟਕੇ ਮਨ ਨੂੰ ਸ਼ਾਂਤ ਕਰ ਸਕਦੇ ਨੇ, ਪਰ ਜਿੱਥੇ ਕਿਸੇ ਇਲਾਜ ਦੀ ਜਰੂਰਤ ਹੈ, ਸਰੀਰ ਵਿੱਚ ਕਿਸੇ ਚੀਜ਼ ਦੀ ਘਾਟ ਹੈ, ਉਸ ਲਈ ਤੁਹਾਨੂੰ ਕਿਸੇ ਡਾਕਟਰ ਵੈਦ ਦਾ ਸਹਾਰਾ ਲੈਣਾ ਹੀ ਪੈਣਾ ਹੈ। ਸਾਧਾਂ ਦੇ ਤਵੀਤਾਂ ਨਾਲ ਵਿਭੂਤੀਆਂ ਨਾਲ ਇਲਾਜ ਨਹੀਂ ਹੋ ਸਕਦੇ। ਇਸ ਲਈ ਤੁਹਾਡਾ ਇਹ ਨਵੀਨਤਮ ਤਕਨੀਕ ਵਾਲਾ ਸਾਧ ਬਾਬਾ ਬਲੈਡਰ ਦਾਸ ਕਹਿੰਦਾ ਹੈ ਕਿ ਮਨ ਭਾਉਂਦਾ ਖਾਓ।ਐਵੇਂ ਸਾਧਾਂ ਦੇ ਪਿੱਛੇ ਲੱਗ ਅਪਣਾ ਮਨ ਨਾ ਤਰਸਾਈਂ ਜਾਓ।

ਸਭ ਤੋਂ ਵੱਡੀ ਗੱਲ ਹੈ ਤੁਹਾਡਾ ਖੁਸ਼ ਰਹਿਣਾ ਤੇ ਪੌਸ਼ਟਿਕ ਭੋਜਨ ਖਾਣਾ।

ਹੁਣ ਉਹ ਮੁੰਡਾ, ਸੁਨਾਮ ਬੱਸ ਸਟੈਂਡ ਦੇ ਬਾਹਰ ਵਾਰ ਮੋਬਾਈਲਾਂ ਦੀ ਦੁਕਾਨ ਕਰਦਾ ਹੈ। ਤੇ ਬਾਪ ਉਹੀ ਰਾਸ਼ਨ ਘਪਲਾ ਹੁਣ ਵੀ ਕਰਦਾ ਹੋਣਾ, ਜਿਵੇਂ ਸਾਰੇ ਹੈ ਡਿਪੂਆਂ ਵਾਲੇ ਕਰਦੇ ਨੇ। ਬਰਨਾਲੇ ਜਿਲ੍ਹਾ ਵਿਚ ਪਿੰਡ ਜਲੂਰ ਦੇ ਰਹਿਣ ਵਾਲੇ ਉਸਦੇ ਸਹੁਰੇ ਨੇ ਬਾਅਦ ਵਿੱਚ ਮੇਰੇ ਕੋਲ ਕਈ ਅਜਿਹੇ ਮਰੀਜ਼ ਭੇਜੇ। ਮੁੰਡੇ ਦਾ ਨਾਮ ਮੈਂ ਤਾਂ ਨਹੀਂ ਲਿਖਿਆ, ਕਿਉਂਕਿ ਉਹ ਵੀ ਇੱਥੇ ਆਪਣੇ ਨਾਲ ਹਾਜ਼ਿਰ ਹੈ।

ਸਦਾ ਤੁਹਾਡੀ ਖੁਸ਼ੀ ਦੀ ਚਾਹਤ ਰੱਖਣ ਵਾਲੇ



**ਵੈਦ ਬਲਵਿੰਦਰ ਸਿੰਘ ਢਿੱਲੋਂ**
**ਵਿੰਨੀਪੈਗ ਵਾਲੇ।**
**+14312932265**

# ਪੰਜਾਬ 'ਚ ਛਲੇਡਾ ਸਿਆਸਤ !

ਪੰਜਾਬ ਨੂੰ ਲੁੱਟਣ ਵਾਲਿਆਂ ਨੇ ਹੁਣ ਆਪਣੇ ਵਿਧਾਇਕਾਂ, ਸੰਸਦ ਮੈਂਬਰਾਂ, ਮੰਤਰੀਆਂ ਨੂੰ ਫੰਡ ਇਕੱਠਾ ਕਰਨ ਲਈ ਹੁਕਮ ਚਾੜਿਆ ਹੈ। ਉਹਨਾਂ ਨੂੰ ਘੱਟੋ ਘੱਟ ਵੀਹ ਕਰੋੜ ਰੁਪਏ ਇਕੱਠੇ ਕਰਨ ਦਾ ਟੀਚਾ ਦਿੱਤਾ ਹੈ। ਕਿਉਂਕਿ ਦਿੱਲੀ ਦੇ ਧਾੜਵੀਆਂ ਨੇ ਪੰਜਾਬ ਨੂੰ ਕੰਗਲਾ ਪੰਜਾਬ ਬਣਾਉਣਾ ਹੈ। ਸਰਕਾਰ ਨੇ ਉੱਝ ਰੰਗਲਾ ਪੰਜਾਬ ਬਣਾਉਣ ਦਾ ਐਲਾਨ ਕੀਤਾ ਸੀ। ਪੰਜਾਬ ਤੇ ਕੇਂਦਰ ਸਰਕਾਰਾਂ ਨੇ ਪਹਿਲਾਂ ਪੰਜਾਬ ਨੂੰ ਡੋਬਿਆ ਹੈ। ਹੁਣ ਪੰਜਾਬ ਦੇ ਲੋਕਾਂ ਕੋਲ ਦੋ ਕੁੱਝ ਬਚਿਆ ਹੈ ਉਹ ਵੀ ਲੁੱਟ ਕੇ ਦਿੱਲੀ ਦੇ ਧਾੜਵੀਆਂ ਦੀ ਇੱਛਾ ਹੈ।

ਤੁਸੀਂ ਜਾਣਦੇ ਹੀ ਹੋ ਕਿ ਛਲੇਡਾ ਕੀ ਕੀ ਰੂਪ ਬਦਲ ਸਕਦਾ ਹੈ। ਇਹ ਕੋਈ ਪੰਛੀ ਜਾਂ ਜਾਨਵਰ ਨਹੀਂ, ਬੰਦਾ ਹੀ ਹੁੰਦਾ ਹੈ। ਪਰ ਇਸ ਦੀ ਪਹਿਚਾਣ ਕਰਨੀ ਔਖੀ ਹੁੰਦੀ ਹੈ। ਕਿਉਂਕਿ ਉਹ ਦੁੱਧ ਵਿੱਚ ਪਾਣੀ ਵਾਂਗ ਘੁਲ ਮਿਲ ਜਾਂਦਾ ਹੈ ਤੇ ਆਪਣੇ ਆਪ ਦਾ ਮੁੱਲ ਦੁੱਧ ਬਰਾਬਰ ਕਰ ਲੈਂਦਾ ਹੈ। ਉਸ ਦਾ ਪਤਾ ਤਾਂ ਦੁੱਧ ਉਬਾਲੇ ਤੇ ਹੀ ਪਤਾ ਲਗਦਾ ਹੈ ਕਿ ਪਿੱਛੇ ਕੀ ਬਚਿਆ ਹੈ। ਇਹੋ ਜਿਹਾ ਕੁਝ ਪੰਜਾਬ ਦੇ ਲੋਕਾਂ ਨਾਲ ਹੋ ਰਿਹਾ ਹੈ। ਪੰਜਾਬ ਤੇ ਪੰਜਾਬੀਆਂ ਨੂੰ ਅਜੇ ਤੱਕ ਦਿੱਲੀ ਦੀ ਛਲੇਡਾ ਸਿਆਸਤ ਦੀ ਪਛਾਣ ਨਹੀਂ ਆਈ। ਇਸੇ ਕਰਕੇ ਹਰ ਵਾਰ ਪੰਜਾਬ ਧੋਖਾ ਖਾ ਲੈਂਦਾ ਹੈ। ਆਪਣਾ ਆਪ ਵਢਾ ਲੈਂਦਾ ਹੈ। ਦੇਸ਼ ਦੀ ਸਿਆਸੀ ਵੰਡ ਤੋਂ ਪਹਿਲਾਂ ਤੇ ਅੱਜ ਤੱਕ ਪੰਜਾਬ ਨੂੰ ਦਿੱਲੀ ਵਾਲਿਆਂ ਨੇ ਹਮੇਸ਼ਾ ਹੀ ਵਰਤਿਆ ਹੈ। ਹਰ ਤਰ੍ਹਾਂ ਦਾ ਤਜਰਬਾ ਵੀ ਦਿੱਲੀ ਦੀ ਸਿਆਸਤ ਨੇ ਪੰਜਾਬ ਦੇ ਵਿੱਚ ਕੀਤਾ ਹੈ। ਭਾਵੇਂ ਪੰਜਾਬ ਦੇ ਸਿਆਸੀ,ਧਾਰਮਿਕ ਤੇ ਵਿਦਵਾਨਾਂ ਨੂੰ ਦਿੱਲੀ ਦੇ ਬਹੁਰੰਗੇ ਚਿਹਰੇ ਸਮਝ ਆਉਦੇ ਰਹੇ ਪਰ ਉਨ੍ਹਾਂ ਨੇ ਪੰਜਾਬ ਦੇ ਲੋਕਾਂ ਨੂੰ ਦਿੱਲੀ ਦਾ ਕਦੇ ਦਿਲ ਨਹੀਂ ਦਿਖਾਇਆ ਪਰ ਆਪ ਹਰ ਵੇਲੇ ਉਹ ਮਲਾਈਆਂ ਛਕਦੇ ਰਹੇ ਤੇ ਦਿੱਲੀ ਦੇ ਪੈਰ ਚੱਟਦੇ ਰਹੇ। ਇਹੋ ਹੀ ਪੰਜਾਬ ਦੀ ਹੋਣੀ ਦਾ ਇਹ ਅੰਦਰਲਾ ਸੱਚ ਹੈ ਕਿ ਪੰਜਾਬ ਦੇ ਆਗੂਆਂ ਨੇ ਦਿੱਲੀ ਦੇ ਨਾਲ ਆਪ ਯਰਾਨੇ ਪਾ ਕੇ ਰੱਖੇ ਤੇ ਪੰਜਾਬ ਦਾ ਉਹ ਸਦਾ ਖੁਦ ਮੁੱਲ ਵੱਟਦੇ ਰਹੇ ਤੇ ਵਟ ਰਹੇ ਹਨ। ਸਿਆਸੀ ਆਗੂਆਂ ਨੇ ਕਦੇ ਪੰਜਾਬ ਦੀਆਂ ਸਰਹੱਦਾਂ, ਕਦੇ ਪੰਜਾਬ ਦੇ ਪਾਣੀਆਂ ਨੂੰ ਤੇ ਕਦੇ ਪੰਜਾਬ ਦੀ ਜੁਆਨੀ ਦਾ ਮੁੱਲ ਵੱਟਿਆ ਤੇ ਆਪਣੀ ਸੱਤਾ ਕਾਇਮ ਰੱਖੀ। ਇਹੀ ਕਾਰਨ ਹੈ ਕਿ ਪੰਜਾਬ ਦੇ ਲੋਕ ਆਪਣੇ ਸਿਆਸੀ, ਧਾਰਮਿਕ ਤੇ ਵਿਦਵਾਨਾਂ ਦੀਆਂ ਚਿਕਨੀਆਂ ਤੇ ਚੋਪੜੀਆਂ ਗੱਲਾਂ ਦੇ ਵਿੱਚ ਆ ਕੇ, ਉਨ੍ਹਾਂ ਦੇ ਮਗਰ ਲੱਗ ਕੇ ਆਪਣੇ ਹੱਥੀਂ ਪੰਜਾਬ ਨੂੰ ਬਰਬਾਦ ਕਰਦੇ ਰਹੇ। ਜਿਹੜੀ ਪੀੜ੍ਹੀ ਦੇ ਸਿਆਣੇ ਲੋਕਾਂ ਨੂੰ ਇਨ੍ਹਾਂ ਅਖੌਤੀ ਆਗੂਆਂ ਦੀ ਗੱਲ ਸਮਝ ਲੱਗੀ, ਉਹ ਆਪਣੀ ਸੁਰੱਖਿਆ ਦੇ ਲਈ ਵਿਦੇਸ਼ਾਂ ਵੱਲ ਨੂੰ ਇਕ ਇਕ ਕਰਕੇ ਉਡਾਰੀ ਮਾਰਦੇ ਰਹੇ। ਗੱਲ ਪੰਜਾਬੀ ਸੂਬੇ ਦੀ ਹੋਵੇ ਜਾਂ ਗੁਆਂਢੀ ਰਾਜਾਂ ਨੂੰ ਪਾਣੀ ਦੇਣ ਦੀ ਹੋਵੇ । ਹਰ ਵਾਰ ਦਿੱਲੀ ਵਾਲੇ ਹਾਕਮਾਂ ਨੇ ਕਦੇ ਪਿਆਰ ਨਾਲ, ਕਦੇ ਹੰਕਾਰ ਨਾਲ ,ਕਦੇ ਲਾਲਚ ਨਾਲ ਤੇ ਕਦੇ ਬਾਂਹ ਮਰੋੜ ਕੇ ਆਪਣੀ ਗੱਲ ਮਨਾਈ । ਪੰਜਾਬ ਦੇ ਸਿਆਸੀ ਆਗੂਆਂ ਨੇ ਆਪਣੀ ਕੁਰਸੀ ਕਾਇਮ ਰੱਖਣ ਦੇ ਲਈ ਸਭ ਕੁੱਝ ਕੀਤਾ। ਇਹੋ ਹੀ ਕਾਰਨ ਹੈ ਕਿ ਅੱਜ ਪੰਜਾਬ ਹਰ ਖੇਤਰ ਦੇ ਵਿੱਚ ਪਛੜ ਗਿਆ। ਸੱਤਾ ਦੇ ਲਾਲਚ ਲਈ ਸ਼੍ਰੋਮਣੀ ਅਕਾਲੀ ਦਲ ਨੇ ਪੰਜਾਬੀ ਸੂਬਾ ਮੋਰਚਾ ਲਗਾ ਕੇ ਮਹਾਂ ਪੰਜਾਬ ਨੂੰ ਆਪਣੇ ਹੱਥਾਂ ਨਾਲ ਆਪੇ ਕਟਵਾਇਆ। ਜਿਹੜੀ ਦਿੱਲੀ ਕਦੇ ਮਹਾਂ ਪੰਜਾਬ ਦਾ ਸੂਬਾ ਹੁੰਦੀ ਸੀ ਤੇ ਦੇਸ਼ ਦੀ ਵੰਡ ਤੋਂ ਬਾਅਦ ਪੰਜਾਬੀ ਸੂਬਾ ਬਨਣ ਵੇਲੇ ਉਹੀ ਦਿੱਲੀ ਹਾਕਮ ਬਣ ਗਈ। ਪੰਜਾਬ ਦੇ ਸਿਆਸੀ ਆਗੂਆਂ ਨੇ ਪੰਜਾਬ ਦੇ ਹਿੱਤਾਂ ਨਾਲੋਂ ਆਪਣੇ ਹਿੱਤਾਂ ਨੂੰ ਸਦਾ ਪਹਿਲ ਦਿੱਤੀ । ਪੰਜਾਬ ਦੀਆਂ ਸਿਆਸੀ ਪਾਰਟੀਆਂ ਕਾਂਗਰਸ, ਸ਼੍ਰੋਮਣੀ ਅਕਾਲੀ ਦਲ ਤੇ ਸੀਪੀਆਈ ਨੇ ਪੰਜਾਬ ਦੇ ਲੋਕਾਂ ਦੀ ਨੁਮਾਇੰਦਗੀ ਕੀਤੀ। ਇਹਨਾਂ ਸਿਆਸੀ ਪਾਰਟੀਆਂ ਦੇ ਆਗੂਆਂ ਨੇ ਦਿੱਲੀ ਵਾਲਿਆਂ ਨਾਲ ਆਪਣੀ ਗੰਢ ਤੁਪ ਰੱਖੀ ਤੇ ਪੰਜਾਬ ਦੇ ਲੋਕਾਂ ਨੂੰ ਆਪਣੇ ਢੰਗ ਦੇ ਨਾਲ ਵਰਤਿਆ। ਪੰਜਾਬ ਦੇ ਪਾਣੀਆਂ ਨੂੰ ਕਦੇ ਕਾਂਗਰਸੀਆਂ ਨੇ ਤੇ ਕਦੇ ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਨੇ ਵੇਚਿਆ। ਪੰਜਾਬ ਦੇ ਅੰਦਰ ਹਰੀ, ਚਿੱਟੀ ਤੇ ਨੀਲੀ ਕ੍ਰਾਂਤੀ ਦਾ ਦੁਨੀਆਂ ਦੇ ਵਿੱਚ ਫੇਲ ਹੋਇਆ ਤਜਰਬਾ ਕਰਵਾਇਆ। ਇਸ ਹਰੀ ਕ੍ਰਾਂਤੀ ਦੇ ਅਧੀਨ ਦੁਨੀਆਂ ਦੇ ਵਿੱਚ ਬੰਦ ਕੀਤੀਆਂ ਮਨੁੱਖ ਤੇ ਕੁਦਰਤ ਵਿਰੋਧੀ ਜ਼ਹਿਰੀਲੀਆਂ ਦਵਾਈਆਂ ਨੂੰ ਵਰਤਣ ਦੀ ਖੁਲ੍ਹ ਦਿੱਤੀ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਤੇ ਖੇਤੀਬਾੜੀ ਵਿਭਾਗ ਪੰਜਾਬ ਦੇ ਰਾਹੀ ਉਨ੍ਹਾਂ ਦਵਾਈਆਂ ਦੀ ਸਿਫਾਰਸ਼ਾਂ ਕਰਵਾ ਕੇ ਪੰਜਾਬ ਦੀ ਧਰਤੀ ਤੇ ਮਨੁੱਖ ਨੂੰ ਨਸ਼ੇੜੀ ਬਣਾਇਆ। ਪੰਜਾਬ ਦੇ ਵਿੱਚ ਅਨਾਜ ਤਾਂ ਵੱਧਦਾ ਗਿਆ ਤੇ ਦੇਸ਼ ਦੇ ਗੁਦਾਮ ਭਰਦੇ ਰਹੇ। ਪੰਜਾਬ ਨੂੰ ਸਰੀਰਕ ਤੇ ਮਾਨਸਿਕ ਤੌਰ ਤੇ ਬੀਮਾਰ ਕਰਨ ਲਈ ਹਰ ਤਰ੍ਹਾਂ ਤਜਰਬਾ ਕੀਤਾ ਗਿਆ । ਪੰਜਾਬ ਨੂੰ ਉਜਾੜਨ ਲਈ ਇਸ ਨੂੰ ਪ੍ਰਯੋਗਸ਼ਾਲਾ ਬਣਾਇਆ। ਪੰਜਾਬ ਦੀ ਆਬਾਦੀ ਕੰਟਰੋਲ ਕਰਨ ਲਈ " ਦੋ ਹੀ ਕਾਫੀ ਹੋਰ ਤੋ ਮਾਫੀ "ਦਾ ਨਾਹਰਾ ਲਗਾ ਕੇ ਬੱਚਿਆਂ ਦੀ ਗਿਣਤੀ ਘਟਾਉਣ ਦਾ ਛੜਯੰਤਰ ਰਚਿਆ। ਇਹ ਮੁਹਿੰਮ ਪੰਜਾਬ ਦੇ ਵਿੱਚ ਕਾਮਯਾਬ ਕਰਨ ਲਈ ਕਈ ਤਰ੍ਹਾਂ ਦੇ ਲਾਲਚ ਦਿੱਤੇ ਤੇ ਅਸੀਂ ਲਾਲਚ ਫਸੇ। ਪੰਜਾਬੀਆਂ ਨੂੰ ਇਹ ਸਮਝ ਹੀ ਨਹੀਂ ਲੱਗੀ ਕਿ ਇਹ ਮੁਹਿੰਮ ਪੰਜਾਬ ਦੇ ਵਿੱਚ ਹੀ ਕਿਉਂ ਚਲਾਈ ਗਈ ? ਹੁਣ ਘਰ ਘਰ ਇੱਕ ਦੋ ਜਵਾਕ ਹਨ। ਪੰਜਾਬ ਦੇ ਵਿੱਚ ਹਰ ਤਰ੍ਹਾਂ ਦੀਆਂ ਕੀਟ ਤੇ ਨਦੀਨ ਨਾਸ਼ਿਕ ਦਵਾਈਆਂ ਜੋ ਦੁਨੀਆਂ ਦੇ ਵਿੱਚ ਬੰਦ ਸਨ ਦੀ ਇਥੇ ਉਨ੍ਹਾਂ ਦੀ ਅੰਨ੍ਹੇ ਵਾਹ ਵਰਤੋਂ ਨਹੀਂ ਦੁਰਵਰਤੋਂ ਕਰਵਾਈ । ਨਕਲੀ ਦਵਾਈਆਂ ਦੇ ਵਪਾਰੀਆਂ ਨੇ ਆਪਣੇ ਡੀਲਰਾਂ ਦੇ ਰਾਹੀ ਖੂਬ ਹੱਥ ਰੰਗੇ। ਇਹ ਨਕਲੀ ਦਵਾਈਆਂ ਦੀ ਸਿਫਾਰਸ਼ ਖੇਤੀਬਾੜੀ ਵਿਗਿਆਨੀਆਂ ਦੇ ਰਾਹੀ ਕਰਵਾਉਂਦੇ ਰਹੇ ਤੇ ਉਨ੍ਹਾਂ ਵਿਗਿਆਨੀਆਂ ਦੇ ਮੂੰਹ ਨੂੰ ਲਹੂ ਲਾ ਕੇ ਕਾਣੇ ਕਰਦੇ ਰਹੇ। ਰਾਜ ਕਰਦੀਆਂ ਪਾਰਟੀਆਂ ਦੇ ਆਗੂ ਕਮਿਸ਼ਨ ਛਕਦੇ ਰਹੇ। ਪੰਜਾਬ ਦੇ ਲੋਕ ਖੁਸ਼ਹਾਲੀ ਦੇ ਚੱਕਰ ਦੇ ਵਿੱਚ ਕਦੇ ਬੈਂਕਾਂ ਦੇ ਵਸਾਏ ਜਾਲ ਵਿੱਚ ਫਸ ਕੇ ਉਲਝਣ ਲੱਗੇ। ਜ਼ਮੀਨਾਂ ਦੀਆਂ ਲਿਮਟਾਂ ਨੇ ਪੰਜਾਬ ਦੇ ਕਿਸਾਨਾ ਦੇ ਗਲ ਫਾਹੀਆਂ ਪਾ ਲਈਆ ਤੇ ਖੇਤੀਬਾੜੀ ਨਾਲ ਜੁੜੀ ਮਸ਼ੀਨਰੀ ਤੇ ਗੱਡੀਆਂ ਦੀ ਲਾਲਸਾ ਕਿਸਾਨਾਂ ਦੇ ਅੰਦਰ ਪੈਦਾ ਕੀਤੀ ਗਈ ਤੇ ਕਿਸਾਨੀ ਇਸ ਜਾਲ ਵਿੱਚ ਖੁਦ ਫਸਦੀ ਰਹੀ, ਗੱਲ ਖੁਦਕਸ਼ੀਆਂ ਤੱਕ ਪੁਜ ਗਈ। ਇਸੇ ਦੌਰਾਨ ਜੀਵਨ ਦੀ ਸ਼ੈਲੀ ਬਦਲਣ ਦੇ ਲਈ ਪੱਛਮੀ ਸੱਭਿਆਚਾਰ ਦੇ ਗਲੋਬਲੀ ਹਮਲਾ ਹੋਇਆ। ਲੱਚਰ ਗਾਇਕੀ ਤੇ ਪੈਲਸ ਸੱਭਿਆਚਾਰ ਨੇ ਪੰਜਾਬ ਨੂੰ ਸਧਾਰਨ ਤੋਂ ਫੁਕਰਾ ਬਣਾਇਆ। ਪੰਜਾਬ ਤੋਂ ਉਠਿਆ ਕਿਸਾਨ ਅੰਦੋਲਨ ਠੁਸ ਹੋ ਗਿਆ ਹੈ। ਕਿਸਾਨ ਜਥੇਬੰਦੀਆਂ ਦੇ ਆਗੂ ਮਾਲਾ ਮਾਲ ਹੋ ਗਏ ਹਨ। ਪੰਜਾਬ ਦੀਆਂ ਨਬਜ਼ਾਂ ਕਸਣ ਦੇ ਲਈ ਸਿਆਸੀ ਪਾਰਟੀਆਂ ਦੇ ਆਗੂਆਂ ਨੇ ਸੱਤਾ ਦੇ ਲਾਲਚ ਵਿੱਚ ਪੰਜਾਬ ਨੂੰ ਸਦਾ ਵੇਚਣ ਲਈ ਮੰਡੀ ਵਿੱਚ ਰੱਖਿਆ। ਪੱਛਮੀ ਸੱਭਿਆਚਾਰ ਦੇ ਹਮਲੇ ਨੇ ਪੰਜਾਬ ਦੀ ਜੁਆਨੀ ਦੀ ਹੀ ਨਹੀਂ ਬਲਕਿ ਬੁੱਢਿਆਂ ਦੀ ਵੀ ਮੱਤ ਮਾਰ ਦਿੱਤੀ। ਇਸ ਤੋਂ ਪਹਿਲਾਂ ਨੌਜਵਾਨਾਂ ਨੂੰ ਨਕਸਲਬਾੜੀ ਤੇ ਅੱਤਵਾਦੀ ਬਣਾ ਕੇ ਪੰਜਾਬ ਦੀ ਜੁਆਨੀ ਦਾ ਪੰਜਾਬੀਆਂ ਰਾਹੀ ਹੀ ਸ਼ਿਕਾਰ ਖੇਡਿਆ। ਪੰਜਾਬ ਆਰਥਿਕ, ਧਾਰਮਿਕ, ਸਮਾਜਿਕ ਤੇ ਸਰੀਰਕ ਤੌਰ ਤੇ ਤਬਾਹ ਕਰਨ ਦੇ ਲਈ ਹਰ ਤਰ੍ਹਾਂ ਦਾ ਤਜਰਬਾ ਕੀਤਾ। ਅਸੀਂ ਸਭ ਕੁੱਝ ਖੁਦ ਕਰਦੇ ਰਹੇ । ਪੰਜਾਬੀ ਕਦੇ ਲਾਲਚਵਸ ਕਦੇ ਡਰ ਵਸ ਦਿੱਲੀ ਦੇ ਹਾਕਮਾਂ ਦਾ ਤਸ਼ੱਦਤ ਝੱਲਦੇ ਰਹੇ। ਪੰਜਾਬ ਦੇ ਸਿੱਖਿਆ ਸ਼ਾਸਤਰੀਆਂ ਤੇ ਬੁੱਧੀਜੀਵੀਆਂ ਨੇ ਪੰਜਾਬ ਨੂੰ ਬਰਬਾਦ ਕਰਨ ਲਈ ਦਿੱਲੀ ਦੀਆਂ ਚਾਲਾਂ ਨੂੰ ਸਮਝਦੇ ਹੋਇਆ ਵੀ ਚੁੱਪ ਧਾਰੀ ਰੱਖੀ । ਪੰਜਾਬ ਦੇ ਵਿੱਚ ਰੁਜ਼ਗਾਰ ਦੇ ਸਾਧਨਾਂ ਨੂੰ ਤਬਾਹ ਕਰਕੇ ਤੇ ਪੁਲਿਸ ਦਾ ਡਰ ਪੈਦਾ ਕਰਕੇ ਪੰਜਾਬ ਦੀ ਜੁਆਨੀ ਵਿਦੇਸ਼ਾਂ ਦੇ ਵੱਲ ਭੱਜਣ ਲਈ ਮਜਬੂਰ ਕੀਤਾ। ਪੰਜਾਬ ਦੇ ਅੰਦਰ ਬਾਹਰੀ ਰਾਜਾਂ ਦੇ ਲੋਕਾਂ ਨੂੰ ਵਸਣ ਤੇ ਅਬਾਦ ਹੋਣ ਦੇ ਲਈ ਮੌਕੇ ਪ੍ਰਦਾਨ ਕੀਤੇ, ਹੁਣ ਵਿਦੇਸ਼ਾਂ ਤੋਂ ਪੰਜਾਬੀਆਂ ਦੇ ਜਹਾਜ਼ ਭਰ ਭਰ ਆਉਣ ਲੱਗੇ ਹਨ। ਕਦੇ ਕਿਸੇ ਸਿਆਸੀ ਆਗੂ ਨੇ ਇਹ ਨਹੀਂ ਸੋਚਿਆ ਕਿ ਪੰਜਾਬੀ ਕਿਧਰੇ ਦੂਜੇ ਸੂਬੇ ਵਿੱਚ ਜ਼ਮੀਨਾਂ ਨਹੀਂ ਖਰੀਦ ਸਕਦਾ ਫੇਰ ਬਾਹਰਲੇ ਰਾਜਾਂ ਦੇ ਲੋਕ ਪੰਜਾਬ ਕਿਵੇਂ ਜ਼ਮੀਨਾਂ ਖਰੀਦ ਰਹੇ ਹਨ । ਪੰਜਾਬ ਸਰਕਾਰ ਲਗਾਤਾਰ ਕਰਜ਼ਾ ਚੁੱਕ ਰਹੀ ਹੈ। ਪੰਜਾਬ ਦੇ ਸਿਰ ਪੌਣੇ ਦੋ ਲੱਖ ਕਰੋੜ ਰੁਪਏ ਕਰਜ਼ਾ ਹੋ ਗਿਆ ਹੈ। ਇਹ ਕਰਜ਼ਾ ਦਿੱਲੀ ਦੇ ਲਾਲੇ ਨੂੰ ਖੁਸ਼ ਕਰਨ ਲਈ ਵਰਤਿਆ ਗਿਆ ਹੈ। ਹੁਣ ਉਹ ਦਿੱਲੀ ਵਿੱਚ ਵਿਹਲਾ ਹੋ ਗਿਆ, ਉਸਨੇ ਆਪਣੇ ਚਹੇਤਿਆਂ ਨੂੰ ਪਹਿਲਾਂ ਹੀ ਇਥੇ ਭੇਜਿਆ ਹੋਇਆ ਹੈ, ਹੁਣ ਉਹ ਆਪ ਆਉਣ ਲਈ ਜੁਗਾੜ ਲਾਉਣ ਲੱਗਿਆ, ਦੇਖੋ ਕੀ ਬਣੇਗਾ ਪੰਜਾਬ ਦੇ ਲੋਕਾਂ ਦਾ, ਜਿਹਨਾਂ ਨੇ ਬਦਲਾਅ ਲਿਆਉਣ ਦੇ ਚੱਕਰ ਵਿੱਚ ਆਮ ਆਦਮੀ ਪਾਰਟੀ ਨੂੰ ਬਹੁਮਤ ਦਿੱਤੀ ਸੀ। ਹੁਣ ਪੰਜਾਬ ਦੇ ਲੋਕ ਗੋਡਿਆਂ ਵਿੱਚ ਸਿਰ ਦੇ ਕੇ ਚੀਕ ਰਹੇ ਹਨ। ਦੇਸ਼ ਅੰਦਰ ਦੋ ਤਰ੍ਹਾਂ ਦਾ ਕਾਨੂੰਨ ਸਿਰਫ਼ ਪੰਜਾਬ ਦੇ ਵਿੱਚ ਲਾਗੂ ਹੋਇਆ। ਪੰਜਾਬ ਨੂੰ ਗੁਲਾਮ ਬਣਾ ਕੇ ਰੱਖਣ ਦੇ ਲਈ ਇਥੋਂ ਦੀਆਂ ਸਿਆਸੀ ਪਾਰਟੀਆਂ ਦੇ ਆਗੂਆਂ ਨੂੰ ਦਿੱਲੀ ਦੇ ਹਾਕਮਾਂ ਨੇ ਆਪਣੇ ਕਬਜ਼ੇ ਦੇ ਵਿੱਚ ਰੱਖਿਆ। ਇਸ ਸਮੇਂ ਤੱਕ ਪੰਜਾਬ ਹਰ ਪੱਖ ਤੋਂ ਤਬਾਹ ਹੋ ਗਿਆ ਸੀ ਤੇ ਹੁਣ ਦਿੱਲੀ ਦੇ ਹਾਕਮਾਂ ਨੇ ਬਦਲਾਅ ਦੇ ਨਵੇਂ ਤਜਰਬੇ ਦਾ ਆਗਾਜ਼ ਕੀਤਾ ਹੈ। ਦਲਦਲ ਬਣੇ ਪੰਜਾਬ ਦੇ ਨਾਸੂਰ ਬਣੇ ਸਰੀਰ ਤੇ ਮਰ ਚੁੱਕੀ ਆਤਮਾ ਨੂੰ ਹਲੂਣਾ ਦੇ ਕੇ ਜਗਾਣ ਦਾ ਨਵਾਂ ਤਜਰਬਾ ਸ਼ੁਰੂ ਹੋਇਆ ਹੈ। ਪੰਜਾਬ ਦੀ ਮਰ ਚੁੱਕੀ ਆਤਮਾ ਨੂੰ ਪ੍ਰਮਾਤਮਾ ਦੇ ਚਰਨਾਂ ਦੇ ਵਿੱਚ ਨਿਵਾਸ ਬਖਸ਼ਣ ਵਾਲੀ ਚਿੱਟੀ ਸਿਊਂਕ ਰਾਹੀ ਅਰਦਾਸਾਂ ਕਰਵਾਈਆਂ।ਇਸ ਸਮੇਂ ਪੰਜਾਬ ਦੀ ਆਤਮਾ ਮਰ ਚੁੱਕੀ ਹੈ, ਜਿਹਨਾਂ ਦੀ ਜਿਉਦੀ ਹੈ, ਉਹ ਬਿਨ ਪਾਣੀਆਂ ਦੇ ਮੱਛੀ ਵਾਂਗੂੰ ਤੜਫ ਰਹੇ ਹਰੇ। ਸਰਕਾਰ ਦੀਆਂ ਨਜ਼ਰਾਂ ਵਿੱਚ ਰੜਕ ਰਹੇ ਹਨ। ਉਹ ਹੋ ਕੇ ਚੀਕ ਰਹੇ ਹਨ। ਅੱਠ ਗਧੇ ਵੀਹ ਦਰੋਗੇ ਵਾਂਗੂੰ ਆਪਸ ਵਿੱਚ ਗਧੇ ਦੀ ਸਵਾਰੀ ਕਰਨ ਲਈ ਆਪਸ ਵਿੱਚ ਲੜ ਰਹੇ ਹਨ । ਪੰਜਾਬ ਦੇ ਪੈਰਾਂ ਹੇਠਾਂ ਅੱਗ ਬਲਦੀ ਹੈ ਜੋ ਉਸਨੂੰ ਹੀ ਬਚੇ ਖੁਚੇ ਨੂੰ ਸਾੜ ਰਹੀ ਹੈ। ਸੜੀ ਲਾਸ਼ ਵਰਗੀ ਹਾਲਤ ਵਿੱਚ ਹੁਣ ਪੰਜਾਬ ਬਦਲਣ ਦੇ ਚੱਕਰ ਵਿੱਚ ਫਿਰ ਫਸਿਆ ਜਾਂ ਫਸਾਇਆ ਹੈ ਤੇ ਅਗਲਾ ਤਜਰਬਾ ਕੀ ਹੋਣਾ ਹੈ ? ਇਹ ਛਲੇਡਾ ਸਿਆਸਤ ਵਾਲੇ ਜਾਣਦੇ ਹਨ ? ਕੀ ਹੋਣਾ ਤੇ ਕਿਵੇਂ ਪੰਜਾਬ ਤੇ ਬਚੇ ਪੰਜਾਬੀਆਂ ਨੇ ਜਿਉਣਾ ਹੈ ? ਇਹ ਤਾਂ ਹੁਣ ਉਹ ਜਾਣਦੇ ਹਨ ਜਿਹੜੇ ਬਦਲਾਅ ਦਾ ਬੁਰਕਾ ਪਾ ਕੇ ਆਏ ਹਨ ? ਪੰਜਾਬ ਨੂੰ ਇਸ ਸਿਆਸਤ ਦੀ ਛਲੇਡਾ ਰਾਜਨੀਤੀ ਕੀ ਕੀ ਰੰਗ ਦਿਖਾਏਗੀ ਤੇ ਆਪਣੇ ਰੰਗ ਦੇ ਵਿੱਚ ਰੰਗੇਗੀ ? ਪੰਜਾਬੀ ਆਪਣੇ ਵਿਰਸੇ ਉਤੇ ਮਾਣ ਕਰਦੇ ਹਨ ਪਰ ਚੁਪ ਹਨ, ਵਿਦੇਸ਼ਾਂ ਨੂੰ ਦੌੜ ਰਹੇ ਸੀ, ਹੁਣ ਵਾਪਸ ਆ ਰਹੇ ਹਨ। ਘਰ ਜ਼ਮੀਨਾਂ ਵਿਕ ਗਈਆਂ ਹਨ। ਨੌਜਵਾਨ ਨਾ ਘਰਦੇ ਰਹੇ ਨਾ ਘਾਟ ਦੇ। ਪੰਜਾਬ ਸਰਕਾਰ ਦੀਆਂ ਗ਼ਲਤ ਨੀਤੀਆਂ ਦਾ ਨੌਜਵਾਨ ਸ਼ਿਕਾਰ ਬਣੇ। ਇਸ ਸਮੇਂ ਪੰਜਾਬ ਨਾਇਕ ਵਿਹੂਣਾ ਹੋ ਗਿਆ ਹੈ। ਹਰ ਖੇਤਰ ਵਿੱਚ ਖਲਾਅ ਹੈ। ਲੋਕ ਕਮਲਿਆ ਵਾਂਗੂੰ ਅੱਕ ਫਲਾਈਂ ਹੱਥ ਮਾਰਦੇ ਹਨ। ਉਹ ਕਿਸੇ ਨਾਇਕ ਦੀ ਉਡੀਕ ਵਿੱਚ ਹਨ ਤੇ ਚਾਰੇ ਪਾਸੇ ਖਲਨਾਇਕਾਂ ਦੀ ਭੀੜ ਵਧਦੀ ਜਾ ਰਹੀ ਹੈ। ਉਹ ਫਿਰ ਵਿਕਣ ਲਈ ਗਾਹਕ ਉਡੀਕਦੇ ਹਨ ? ਪੰਜਾਬੀ ਕਦੋਂ ਤੇ ਕਿਵੇਂ ਜਾਗਣਗੇ ? ਪੰਜਾਬ ਦੇ ਲੋਕ ਕਦੋਂ ਛਲੇਡਾ ਤੇ ਛਲਾਵੇ ਦੀ ਸਿਆਸਤ ਸਮਝਣਗੇ?



ਬੁੱਧ ਸਿੰਘ ਨੀਲੋਂ
9464370823

# 14ਵੇਂ ਨਾਟਿਅਮ ਨੈਸ਼ਨਲ ਥੀਏਟਰ ਫੈਸਟੀਵਲ ਦੇ ਚੌਥੇ ਦਿਨ ਨਾਟਕ '-00000' ਨੇ ਦਰਸ਼ਕਾਂ ਨੂੰ ਹਸਾਇਆ ਤੇ ਸਮਝਾਇਆ

## ਨਾਟਕ ਨੇ ਵਿਅੰਗ ਰਾਹੀਂ ਕੀਤੀ ਅਜੋਕੇ ਸਮਾਜ 'ਤੇ ਚੋਟ







**ਬਠਿੰਡਾ (ਅਮਰਜੀਤ ਸਿੰਘ ਜੀਤ)**ਬਲਵੰਤ ਗਾਰਗੀ ਆਡੀਟੋਰੀਅਮ ਬਠਿੰਡਾ ਵਿਖੇ ਸੱਭਿਆਚਾਰਕ ਮੰਤਰਾਲਾ ਭਾਰਤ ਸਰਕਾਰ, ਜ਼ਿਲ੍ਹਾ ਪ੍ਰਸ਼ਾਸਨ ਬਠਿੰਡਾ ਅਤੇ ਨਗਰ ਨਿਗਮ ਬਠਿੰਡਾ ਦੇ ਸਹਿਯੋਗ ਨਾਲ਼ ਚੱਲ ਰਹੇ 14ਵੇਂ ਨਾਟਿਅਮ ਨੈਸ਼ਨਲ ਥੀਏਟਰ ਫੈਸਟੀਵਲ ਦੇ ਦਸਵੇਂ ਦਿਨ ਪੇਸ਼ ਕੀਤੇ ਨਾਟਕ '-00000' ਨੇ ਦਰਸ਼ਕਾਂ ਨੂੰ ਖ਼ੂਬ ਹਸਾਇਆ ਅਤੇ ਸਮਝਾਇਆ। ਜੱਸੀ ਜਸਪ੍ਰੀਤ ਦੇ ਲਿਖੇ ਇਸ ਨਾਟਕ ਨੂੰ ਟੀਮ ਨਾਟਿਅਮ ਪੰਜਾਬ ਨੇ ਕੀਰਤੀ ਕਿਰਪਾਲ ਦੇ ਨਿਰਦੇਸ਼ਨ ਹੇਠ ਖੇਡਿਆ। ਇਸ ਵਿਅੰਗ ਭਰਪੂਰ ਨਾਟਕ ਨੇ ਦਰਸ਼ਕਾਂ ਨੂੰ ਬਾਹਰੋਂ ਸ਼ਾਂਤੀ ਲੱਭਣ ਦੀ ਬਜਾਇ ਕਾਮ,ਕ੍ਰੋਧ, ਲੋਭ,ਮੋਹ ਤੇ ਅਹੰਕਾਰ ਤਿਆਗ ਕੇ ਆਪਣੇ ਅੰਤਰ ਮਨ 'ਚੋ ਸ਼ਾਂਤੀ ਲੱਭਣ ਲਈ ਪ੍ਰੇਰਿਆ। ਨਾਟਕ ਪੇਸ਼ਕਾਰੀ ਦੌਰਾਨ ਹਾਲ ਲਗਾਤਾਰ ਹਾਸਿਆਂ ਤੇ ਤਾੜੀਆਂ ਨਾਲ਼ ਗੂੰਜਦਾ ਰਿਹਾ। ਨਾਟਿਅਮ ਪੰਜਾਬ ਸੰਸਥਾ ਦੇ ਈਵੈਂਟ ਕੁਆਰਡੀਨੇਟਰ ਗੁਰਨੂਰ ਸਿੰਘ ਨੇ ਡਾ. ਦਿਲਦਾਰ ਸਿੰਘ ਅਤੇ ਨਾਟਿਅਮ ਡਾਇਰੈਕਟਰ ਕੀਰਤੀ ਕਿਰਪਾਲ ਨੇ ਪੁਲਿਸ ਵਾਲੇ ਦਾ ਕਿਰਦਾਰ ਨਿਭਾ ਕੇ ਰੰਗ ਬੰਨ੍ਹ ਦਿੱਤਾ।

ਨਾਟ-ਉਤਸਵ ਦੇ ਦਸਵੇਂ ਦਿਨ ਸਤਿਕਾਰਿਤ ਮਹਿਮਾਨਾਂ ਵਜੋਂ ਉੱਘੇ ਪੱਤਰਕਾਰ ਸ. ਸਿਮਰਨਜੋਤ ਮੱਕੜ ਅਤੇ ਡਾ. ਅਨੁੱਜ ਬਾਂਸਲ ਪੰਜਾਬ ਕੈਂਸਰ ਕੇਅਰ ਅਤੇ ਮਲਟੀ-ਸਪੈਸ਼ਲਟੀ ਹਸਪਤਾਲ ਨੇ ਸ਼ਿਰਕਤ ਕੀਤੀ।

ਸਮਾਜ ਵੀਕਲੀ ਨਿਊਜ਼

ਨਾਟਿਅਮ ਦੇ ਸਰਪ੍ਰਸਤ ਡਾ.ਕਸ਼ਿਸ਼ ਗੁਪਤਾ ਅਤੇ ਡਾਇਰੈਕਟਰ ਕੀਰਤੀ ਕਿਰ-ਪਾਲ ਨੇ ਸਾਂਝੇ ਤੌਰ 'ਤੇ ਆਏ ਹੋਏ ਮਹਿਮਾਨਾਂ ਦਾ ਸਵਾਗਤ ਕੀਤੀ ਅਤੇ ਉਨ੍ਹਾਂ ਨੂੰ ਸਨਮਾਨਿਤ ਕੀਤਾ।

ਇਸ ਮੌਕੇ ਬੋਲਦਿਆਂ ਸ਼੍ਰੀ ਮੱਕੜ ਨੇ ਜ਼ਿਲ੍ਹਾ ਭਾਸ਼ਾ ਅਫ਼ਸਰ ਅਤੇ ਨਾਟ-ਨਿਰਦੇਸ਼ਕ ਕੀਰਤੀ ਕਿਰਪਾਲ, ਡਾ. ਕਸ਼ਿਸ਼ ਗੁਪਤਾ ਅਤੇ ਪੂਰੀ ਨਾਟਿਅਮ ਪੰਜਾਬ ਟੀਮ ਨੂੰ ਮਾਲਵੇ ਵਿੱਚ ਰੰਗਮੰਚ ਨੂੰ ਜਿਉਂਦਾ ਰੱਖਣ ਸਬੰਧੀ ਕੀਤੇ ਜਾ ਰਹੇ ਅਣਥੱਕ ਯਤਨਾਂ ਦੀ ਮੁਬਾਰਕਬਾਦ ਦਿੱਤੀ। ਇਸ ਤੋਂ ਬਾਅਦ ਡਾ. ਅਨੁੱਜ ਬਾਂਸਲ ਨੇ ਆਪਣੇ ਵਿਚਾਰ ਰੱਖਦਿਆਂ ਕਿਹਾ ਕਿ ਸੋਸ਼ਲ ਮੀਡੀਆ ਅਤੇ ਰੀਲਾਂ ਦੇ ਸਮੇਂ ਵਿੱਚ ਨਾਟ-ਕਲਾ ਨਾਲ਼ ਇੰਨੀ ਗਿਣਤੀ ਵਿੱਚ ਜੋੜੀ ਰੱਖਣੇ ਬਹੁਤ ਵੱਡੀ ਗੱਲ ਹੈ। ਮੰਚ ਸੰਚਾਲਕ ਦੀ ਭੂਮਿਕਾ ਡਾ. ਸੰਦੀਪ ਸਿੰਘ ਮੋਹਲਾਂ ਅਤੇ ਸ਼੍ਰੀ ਗੁਰਮੀਤ ਧੀਮਾਨ ਨੇ ਸਾਂਝੇ ਰੂਪ 'ਚ ਨਿਭਾਈ ਨੇ।

ਇਸ ਦੌਰਾਨ ਸ਼੍ਰੀ ਨੀਰਜ ਸਿੰਗਲਾ ਚੀਫ਼ ਜੁਡੀਸ਼ੀਅਲ ਮੈਜਿਸਟ੍ਰੇਟ ਸ਼੍ਰੀ ਮੁਕਤਸਰ ਸਾਹਿਬ, ਸਿਲਵਰ ਓਕਸ ਸਕੂਲ ਦੇ ਡਾਇਰੈਕਟਰ ਮੈਡਮ ਮਾਲਵਿੰਦਰ ਕੌਰ ਨਾਟਿਅਮ ਦੇ ਪ੍ਰਧਾਨ ਰਿੰਪੀ ਕਾਲੜਾ,ਸਮੂਹ ਅਦਾਕਾਰ ਨਾਟਿਅਮ ਗਰੁੱਪ ਤੋਂ ਇਲਾਵਾ ਸ਼ਹਿਰ ਦੀਆਂ ਪ੍ਰਮੁੱਖ ਸਾਹਿਤਕ ਹਸਤੀਆਂ ਮੌਜੂਦ ਸਨ।

## ਇਹ ਲੋਕ ਬਹੁਤ ਅਜੀਬ ਨੇ...

ਇਨਸਾਨੀ ਦੁਨੀਆ ਇਕ ਅਜੀਬ ਖੇਡ ਵਾਂਗ ਹੈ। ਹਰ ਕਿਸੇ ਦਾ ਚਿਹਰਾ ਇਕ ਕਿਤਾਬ ਹੈ, ਪਰ ਅੰਦਰਲੇ ਸਫ਼ੇ ਪੜ੍ਹਨਾ ਬਹੁਤ ਮੁਸ਼ਕਲ। ਲੋਕਾਂ ਦੀਆਂ ਆਦਤਾਂ, ਸੋਚਾਂ, ਤੇ ਹਾਲਾਤਾਂ ਦੇ ਕਾਰਨ ਉਹ ਕਈ ਵਾਰ ਅਜਿਹੇ ਲੱਗਦੇ ਹਨ ਕਿ ਸਮਝ ਹੀ ਨਹੀਂ ਆਉਂਦੀ ਆਖ਼ਿਰ ਇਹ ਕਰ ਕੀ ਰਹੇ ਹਨ?

ਕੋਈ ਹੈ ਜੋ ਹੱਸਦੇ ਹੋਏ ਵੀ ਅੰਦਰੋਂ ਟੁੱਟਿਆ ਹੁੰਦਾ ਹੈ, ਤੇ ਕੋਈ ਹੈ ਜੋ ਰੋਂਦੇ ਹੋਏ ਵੀ ਆਪਣੇ ਦਿਲ ਦੀਆਂ ਗੱਲਾਂ ਲੁਕਾ ਲੈਂਦਾ ਹੈ। ਕਈ ਲੋਕ ਮਾਸੂਮ ਬਣਕੇ ਧੋਖੇ ਕਰ ਜਾਂਦੇ ਹਨ, ਤੇ ਕਈ ਲੋਕ ਧੋਖੇ ਸਹਿੰਦਿਆਂ ਵੀ ਚੁੱਪ ਰਹਿੰਦੇ ਹਨ।

ਇਹ ਅਜੀਬ ਲੋਕ ਹੀ ਸਮਾਜ ਦੀਆਂ ਵੱਖ-ਵੱਖ ਤਸਵੀਰਾਂ ਬਣਾਉਂਦੇ ਹਨ।

ਕੁਝ ਲੋਕਾਂ ਨੂੰ ਵੇਖ ਕੇ ਲੱਗਦਾ ਹੈ ਕਿ ਉਹਨਾਂ ਲਈ ਜ਼ਿੰਦਗੀ ਸਿਰਫ਼ ਦਿਖਾਵੇ ਦਾ ਨਾਮ ਹੈ। ਮਹਿੰਗੇ ਕੱਪੜੇ, ਵੱਡੀਆਂ ਗੱਡੀਆਂ, ਪਰ ਦਿਲ ਦੇ ਅੰਦਰ ਖ਼ਾਲੀਪਨ। ਦੂਜੇ ਪਾਸੇ, ਗਰੀਬ ਕੁੱਝ ਲੋਕ ਹਨ ਜੋ ਸਧਾਰਨ ਜੀਵਨ ਜ਼ਿਉਂਦੇ ਹੋਏ ਵੀ ਦਿਲ ਦੇ ਬੜੇ ਅਮੀਰ ਹੁੰਦੇ ਹਨ। ਇਹ ਵਿਰੋਧਾਭਾਸ ਹੀ ਇਸ ਦੁਨੀਆ ਨੂੰ ਅਜੀਬ ਬਣਾਉਂਦਾ ਹੈ। ਅਜੀਬ ਇਹ ਵੀ ਹੈ ਕਿ ਲੋਕਾਂ ਨੂੰ ਦੂਜਿਆਂ ਦੀ ਖੁਸ਼ੀ ਚੁਭਦੀ ਹੈ, ਪਰ ਆਪਣੇ ਦੁੱਖਾਂ ਦੇ ਬਾਰੇ ਉਹ ਚੁੱਪ ਰਹਿੰਦੇ ਹਨ। ਉਹ ਦੂਜਿਆਂ ਦੀ ਸਫ਼ਲਤਾ ਨੂੰ ਕਿਸਮਤ ਕਹਿ ਦਿੰਦੇ ਹਨ, ਪਰ ਆਪਣੇ ਨਾਕਾਮੀਆਂ ਦਾ ਦੋਸ਼ ਦੁਨੀਆ ਉੱਤੇ ਧਰ ਦਿੰਦੇ ਹਨ। ਜਿੱਥੇ ਪਿਆਰ ਤੇ ਇੱਜ਼ਤ ਦੀ ਲੋੜ ਹੈ, ਉੱਥੇ ਈਰਖ਼ਾ ਤੇ ਨਫ਼ਰਤ ਵਧ ਰਹੀ ਹੈ।

ਸਮਾਜ ਵੀਕਲੀ ਨਿਊਜ਼

ਪਰ ਇਹ ਸੱਚ ਹੈ ਕਿ ਇਹਨਾਂ ਅਜੀਬ ਲੋਕਾਂ ਦੇ ਬਗੈਰ ਦੁਨੀਆ ਵੀ ਅਧੂਰੀ ਹੈ। ਇਹਨਾਂ ਦੇ ਰੰਗਾਂ ਨਾਲ ਹੀ ਜੀਵਨ ਦੀ ਕੈਨਵਸ ਭਰਦੀ ਹੈ। ਕਈ ਵਾਰ ਉਹਨਾਂ ਦੀ ਅਜੀਬ ਸੋਚ ਪ੍ਰੇਰਣਾ ਦਿੰਦੀ ਹੈ, ਕਈ ਵਾਰ ਚੇਤਾਵਨੀ। ਕੁਝ ਲੋਕਾਂ ਦੀਆਂ ਗਲਤੀਆਂ ਸਾਨੂੰ ਸਬਕ ਦਿੰਦੀਆਂ ਹਨ, ਤੇ ਕੁਝ ਦੀਆਂ ਸੱਚਾਈਆਂ ਹਿੰਮਤ ਦਿੰਦੀਆਂ ਹਨ।

ਅਖ਼ੀਰ ਵਿੱਚ ਲੱਗਦਾ ਹੈ ਕਿ ਇਹ ਅਜੀਬ ਲੋਕ ਹੀ ਅਸਲੀ ਰੰਗ ਹਨ, ਜਿਨ੍ਹਾਂ ਬਿਨਾ ਸਮਾਜ ਦਾ ਕੋਈ ਚਿਹਰਾ ਨਹੀਂ। ਉਹ ਸਾਡੇ ਵਿਚਕਾਰ ਰਹਿੰਦੇ ਹਨ, ਕਦੇ ਦਿਲ ਖੁਸ਼ ਕਰ ਜਾਂਦੇ ਹਨ, ਕਦੇ ਸੋਚਣ ਲਈ ਮਜਬੂਰ ਕਰ ਦਿੰਦੇ ਹਨ। ਇਸੇ ਲਈ ਕਿਹਾ ਜਾ ਸਕਦਾ ਹੈ।

"ਇਹ ਲੋਕ ਬੜੇ ਅਜੀਬ ਨੇ, ਪਰ ਇਹਨਾਂ ਬਿਨਾ ਦੁਨੀਆ ਅਧੂਰੀ ਹੈ।"

**ਮੰਜੂ ਰਾਇਕਾ**
**ਭਿੰਡਰਾਂ (ਸੰਗਰੂਰ)**
**ਮੋ:-7626053712**

# ਗੀਤ ਸਾਹਿਤ ਦੀ ਮੁਢਲੀ ਵਿਧਾ ਬਲਬੀਰ ਦਿਲਦਾਰ













**ਧੂਰੀ (ਰਮੇਸ਼ਵਰ ਸਿੰਘ)** ਪੰਜਾਬੀ ਸਾਹਿਤ ਸਭਾ ( ਰਜਿ: ) ਧੂਰੀ ਦਾ ਮਹੀਨਾਵਾਰ ਪ੍ਰੋਗਰਾਮ ਗੀਤਕਾਰ ਤੇ ਗਾਇਕ ਬਲਬੀਰ ਸਿੰਘ ਦਿਲਦਾਰ ਨਾਲ਼ ਸਾਹਿਤਕ ਅਤੇ ਸੱਭਿਆਚਾਰਕ ਰੂਬਰੂ ਸਮਾਗਮ ਦੇ ਰੂਪ ਵਿੱਚ ਡਾ. ਰਾਮ ਸਿੰਘ ਸਿੱਧੂ ਯਾਦਗਾਰੀ ਸਾਹਿਤ ਭਵਨ ਵਿਖੇ ਮੂਲ ਚੰਦ ਸ਼ਰਮਾ ਦੀ ਪ੍ਰਧਾਨਗੀ ਹੇਠ ਕੀਤਾ ਗਿਆ। ਪ੍ਰਧਾਨਗੀ ਮੰਡਲ ਵਿੱਚ ਉਨ੍ਹਾਂ ਨਾਲ਼ ਮੁੱਖ ਮਹਿਮਾਨ ਬਲਬੀਰ ਸਿੰਘ ਦਿਲਦਾਰ , ਵਿਸ਼ੇਸ਼ ਮਹਿਮਾਨ ਦਵਿੰਦਰ ਪਟਿਆਲਵੀ , ਹਾਸਰਸ ਕਵੀ ਸ਼ਮਸ਼ੇਰ ਸਿੰਘ ਮੱਲ੍ਹੀ ਅਤੇ ਸਭਾ ਦੇ ਸਰਪ੍ਰਸਤ ਪ੍ਰਿੰਸੀਪਲ ਕਿਰਪਾਲ ਸਿੰਘ ਜਵੰਧਾ ਸਨ । ਪਹਿਲੇ ਦੌਰ ਵਿੱਚ ਸੁਆਗਤੀ ਸ਼ਬਦਾਂ ਤੋਂ ਉਪਰੰਤ ਭਿਆਨਕ ਹੜ੍ਹਾਂ ਵਿੱਚ ਕੀਮਤੀ ਜਾਨਾਂ ਗੁਆਉਂਣ ਵਾਲੇ ਵਿਅਕਤੀਆਂ ਤੋਂ ਇਲਾਵਾ ਬੀਤੇ ਸਮੇਂ ਸਦੀਵੀ ਵਿਛੋੜਾ ਦੇਣ ਵਾਲ਼ੇ ਲੇਖਕਾਂ , ਕਲਾਕਾਰਾਂ , ਮਹਾਨ ਸ਼ਖ਼ਸੀਅਤਾਂ ਅਤੇ ਮੈਂਬਰਾਂ ਦੇ ਸਕੇ ਸਬੰਧੀਆਂ ਨੂੰ ਦੋ ਮਿੰਟ ਮੋਨ ਧਾਰਨ ਕਰਕੇ ਸ਼ਰਧਾ ਸੁਮਨ ਭੇਂਟ ਕੀਤੇ ਗਏ । ਦੂਜੇ ਦੌਰ ਵਿੱਚ ਬਲਬੀਰ ਸਿੰਘ ਦਿਲਦਾਰ ਨੇ ਆਪਣੇ ਜੀਵਨ , ਗੀਤਕਾਰੀ ਅਤੇ ਗਾਇਕੀ ਦੇ ਸਫ਼ਰ ਦੇ ਵੇਰਵੇ ਸਾਂਝੇ ਕਰਦਿਆਂ ਕਿਹਾ ਕਿ ਗੀਤ ਸਾਹਿਤ ਮੁੱਢਲੀ ਅਤੇ ਸਭ ਤੋਂ ਵੱਧ ਪਸੰਦ ਕੀਤੀ ਜਾਣ ਵਾਲ਼ੀ ਵਿਧਾ ਹੈ , ਇਸ ਤੋਂ ਇਲਾਵਾ ਆਪਣੇ ਨਵੇਂ ਪੁਰਾਣੇ ਚੋਣਵੇਂ ਗੀਤ ਪੇਸ਼ ਕਰ ਕੇ



ਭਰਭੂਰ ਪ੍ਰਸੰਸਾ ਵੀ ਖੱਟੀ । ਉਨ੍ਹਾਂ ਵੱਲੋਂ ਕਹੀਆਂ ਗੱਲਾਂ ਉਨ੍ਹਾਂ ਦੇ ਨਾਲ਼ ਆਏ ਵਿਸ਼ੇਸ਼ ਮਹਿਮਾਨ ਦਵਿੰਦਰ ਸ਼ਰਮਾ ਪਟਿਆਲਵੀ ਨੇ ਸਾਂਝੀਆਂ ਕਰਕੇ ਰੂਬਰੂ ਨੂੰ ਯਾਦਗਾਰੀ ਬਣਾਉਣ ਵਿੱਚ ਪੂਰਨ ਯੋਗਦਾਨ ਪਾਇਆ। ਇਸ ਤੋਂ ਉਪਰੰਤ ਪ੍ਰਿੰਸੀਪਲ ਕਮਲਜੀਤ ਸਿੰਘ ਟਿੱਬਾ ਨੇ ਅਜੋਕੇ ਪੰਜਾਬ ਦੀ ਦਸ਼ਾ ਤੇ ਦਿਸ਼ਾ ਬਾਰੇ ਆਪਣੇ ਲਿਖੇ ਪਰਚੇ ਦਾ ਸਾਰ ਪੇਸ਼ ਕੀਤਾ । ਮਹਿਮਾਨਾਂ ਦੇ ਸਨਮਾਨ ਤੋਂ ਇਲਾਵਾ ਸਤੰਬਰ ਅਤੇ ਅਕਤੂਬਰ ਮਹੀਨੇ ਵਿੱਚ ਜਨਮੇਂ ਸਭਾ ਦੇ ਮੈਂਬਰਾਂ ਨੂੰ ਮੁਬਾਰਕਬ-ਾਦ ਦਿੰਦਿਆਂ ਸਨਮਾਨਿਤ ਵੀ ਕੀਤਾ ਗਿਆ ।

ਤੀਜੇ ਦੌਰ ਵਿੱਚ ਚਰਨਜੀਤ ਸਿੰਘ ਮੀਮਸਾ ਦੇ ਸਟੇਜ ਸੰਚਾਲਨ ਅਧੀਨ ਕੀਤੇ ਗਏ ਵਿਸ਼ਾਲ ਕਵੀ ਦਰਬਾਰ ਵਿੱਚ ਸਰਵ ਸ਼੍ਰੀ ਗੁਰਮੀਤ ਸਿੰਘ ਸੋਹੀ , ਅਕਾਸ਼ ਪ੍ਰੀਤ ਸਿੰਘ ਬਾਜਵਾ , ਮਨਜੀਤ ਕੌਰ ਸੰਧੂ , ਸਰਬਜੀਤ ਕੌਰ ਢਿੱਲੋਂ , ਸਹਿਜ ਦੀਪ ਕੌਰ ਸਿਆਣ , ਕੁਲਵਿੰਦਰ ਸਿੰਘ ਗਿੱਲ , ਸੁਖਦੇਵ ਰਾਮ ਲੱਡਾ , ਰਣਜੀਤ ਆਜ਼ਾਦ ਕਾਂਝਲਾ , ਸੁਰਿੰਦਰ ਸ਼ਰਮਾ ਹਰਚੰਦਪੁਰੀ , ਅਵਤਾਰ ਸਿੰਘ , ਕੁਲਵਿੰਦਰ ਬੰਟੀ , ਪੇਂਟਰ ਸੁਖਦੇਵ ਸਿੰਘ , ਬਲਜੀਤ ਸਿੰਘ ਬਾਂਸਲ , ਸੰਜੇ ਲਹਿਰੀ , ਆਸਿਫ਼ ਅਲੀ , ਸੁਖਵਿੰਦਰ ਸਿੰਘ ਸਿਆਣ , ਗੁਰਜੰਟ ਸਿੰਘ ਵੜੈਚ , ਸੁਖਦੇਵ ਧੂਰੀ , ਕੁਲਜੀਤ ਧਵਨ ਅਤੇ ਸੁਖਵਿੰਦਰ ਸਿੰਘ ਫੁੱਲ ਨੇ ਆਪ ਆਪਣੀਆਂ ਰਚਨਾਵਾਂ ਅਤੇ ਵਿਚਾਰ ਸਾਂਝੇ ਕਰ ਕੇ ਸਮਾਗਮ ਨੂੰ ਸਿਖਰਤਾ ਬਖ਼ਸ਼ੀ । ਅੰਤ ਵਿੱਚ ਸਭਾ ਦੇ ਸਰਪ੍ਰਸਤ ਪ੍ਰਿੰਸੀਪਲ ਕਿਰਪਾਲ ਸਿੰਘ ਜਵੰਧਾ ਨੇ ਸਭਨਾਂ ਦਾ ਧੰਨਵਾਦ ਕਰਦਿਆਂ ਵਿਸ਼ਵ ਅਧਿਆਪਕ ਦਿਵਸ ਬਾਰੇ ਆਪਣੇ ਵਿਚਾਰ ਵੀ ਸਾਂਝੇ ਕੀਤੇ ।

# ਤਿੱਬਤੀ ਪਹਾੜੀ ਐਵਰੈਸਟ ਦੀਆਂ ਢਲਾਣਾਂ 'ਤੇ ਬਰਫੀਲੇ ਤੂਫ਼ਾਨ ਕਾਰਨ ਇੱਕ ਪਰਬਤਾਰੋਹੀ ਦੀ ਮੌਤ, 137 ਨੂੰ ਬਚਾਇਆ

**ਬੀਜਿੰਗ।** ਸਥਾਨਕ ਅਧਿਕਾਰੀਆਂ ਨੇ ਸੋਮਵਾਰ ਨੂੰ ਦੱਸਿਆ ਕਿ ਮਾਊਂਟ ਐਵਰੈਸਟ ਦੀਆਂ ਤਿੱਬਤੀ ਢਲਾਣਾਂ 'ਤੇ ਬਰਫੀਲੇ ਤੂਫ਼ਾਨ ਨਾਲ ਟਕਰਾਉਣ ਤੋਂ ਬਾਅਦ ਇੱਕ ਪਰਬਤਾਰੋਹੀ ਦੀ ਮੌਤ ਹੋ ਗਈ ਅਤੇ 137 ਹੋਰਾਂ ਨੂੰ ਬਚਾਇਆ ਗਿਆ। ਅਧਿਕਾਰੀਆਂ ਨੇ ਕਿਹਾ ਕਿ ਲਾਪਤਾ ਪਰਬਤਾਰੋਹੀਆਂ ਦੀ ਭਾਲ ਜਾਰੀ ਹੈ। ਸ਼ਿਨਹੂਆ ਨਿਊਜ਼ ਏਜੰਸੀ ਨੇ ਸਥਾਨਕ ਅਧਿਕਾਰੀਆਂ ਦੇ ਹਵਾਲੇ ਨਾਲ ਕਿਹਾ ਕਿ 41 ਸਾਲਾ ਪਰਬਤਾਰੋਹੀ ਦੀ ਮੌਤ ਹਾਈਪੋਥਰਮੀਆ ਅਤੇ ਉੱਚਾਈ ਨਾਲ ਸਬੰਧਤ ਪੇਚੀਦਗੀਆਂ ਕਾਰਨ ਹੋਈ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਉੱਤਰ-ਪੱਛਮੀ ਕਿੰਗਹਾਈ ਪ੍ਰਾਂਤ ਵਿੱਚ ਲਗਾਤਾਰ ਬਰਫ਼ਬਾਰੀ ਕਾਰਨ ਫਸੇ 137 ਪਰਬਤਾਰੋਹੀਆਂ ਨੂੰ ਹੁਣ ਤੱਕ ਸੁਰੱਖਿਅਤ ਥਾਵਾਂ 'ਤੇ ਪਹੁੰਚਾਇਆ ਗਿਆ ਹੈ ਅਤੇ ਉਨ੍ਹਾਂ ਦੀ ਹਾਲਤ ਸਥਿਰ ਹੈ। 1 ਅਕਤੂਬਰ ਤੋਂ ਸ਼ੁਰੂ ਹੋਈ ਅੱਠ ਦਿਨਾਂ ਦੀ ਰਾਸ਼ਟਰੀ ਛੁੱਟੀ ਦੌਰਾਨ 100 ਤੋਂ ਵੱਧ ਹਾਈਕਿੰਗ ਪ੍ਰੇਮੀ ਲਾਓਹੁਗੋ ਖੇਤਰ ਵੱਲ ਗਏ। ਕਿਲੀਅਨ ਪਹਾੜਾਂ



ਵਿੱਚ ਸਥਿਤ ਲਾਓਹੁਗੋ ਖੇਤਰ ਨੇ ਛੁੱਟੀਆਂ ਦੌਰਾਨ ਲਗਾਤਾਰ ਬਰਫ਼ਬਾਰੀ ਦਾ ਅਨੁਭਵ ਕੀਤਾ ਹੈ। ਇਸਦੀ ਔਸਤ ਉਚਾਈ 4,000 ਮੀਟਰ ਤੋਂ ਵੱਧ ਹੈ ਅਤੇ ਭੂਮੀ ਗੁੰਝਲਦਾਰ ਹੈ। ਇਸ ਤੋਂ ਪਹਿਲਾਂ, ਸਰਕਾਰੀ ਸੀਸੀਟੀਵੀ ਨੇ ਰਿਪੋਰਟ ਦਿੱਤੀ ਸੀ ਕਿ 350 ਲੋਕਾਂ ਨੂੰ ਬਚਾ ਲਿਆ ਗਿਆ ਹੈ, ਜਦੋਂ ਕਿ 200 ਅਜੇ ਵੀ ਲਾਪਤਾ ਹਨ। ਐਤਵਾਰ ਨੂੰ, ਬੀਬੀਸੀ ਦੀ ਇੱਕ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ 1,000 ਤੋਂ ਵੱਧ ਸੈਲਾਨੀ ਪਰਬਤਾਰੋਹੀ ਚੀਨ ਵਾਲੇ ਪਾਸੇ ਕਰਮਾ ਵੈਲੀ ਵਿੱਚ ਦੁਨੀਆ ਦੀ ਸਭ ਤੋਂ ਉੱਚੀ ਚੋਟੀ ਮਾਊਂਟ ਐਵਰੈਸਟ ਦੀਆਂ ਢਲਾਣਾਂ 'ਤੇ ਫਸੇ ਹੋਏ ਸਨ। ਫਸੇ ਪਰਬਤਾਰੋਹੀਆਂ ਅਤੇ ਚਸ਼ਮਦੀਦਾਂ ਦੁਆਰਾ ਸੋਸ਼ਲ ਮੀਡੀਆ 'ਤੇ ਸਾਂਝੇ ਕੀਤੇ ਗਏ ਵੀਡੀਓ ਦਿਖਾਉਂਦੇ ਹਨ ਕਿ ਐਤਵਾਰ ਨੂੰ ਦੂਰ-ਦੁਰਾਡੇ ਖੇਤਰ ਵਿੱਚ ਗਰਜ, ਤੇਜ਼ ਹਵਾਵਾਂ ਅਤੇ ਲਗਾਤਾਰ ਬਰਫ਼ਬਾਰੀ ਕਾਰਨ ਰਸਤੇ ਪੂਰੀ ਤਰ੍ਹਾਂ ਬਰਫ਼ ਨਾਲ ਢੱਕੇ ਹੋਏ ਸਨ। ਇਸ ਦੌਰਾਨ, ਟਾਈਫੂਨ ਮੈਟਮੋ ਨੇ ਐਤਵਾਰ ਨੂੰ ਦੱਖਣੀ ਚੀਨ ਦੇ ਗੁਆਂਗਡੋਂਗ ਸੂਬੇ ਵਿੱਚ ਝਾਂਜਿਆਂਗ ਸ਼ਹਿਰ ਦੇ ਸ਼ੁਵੇਨ ਕਾਉਂਟੀ ਦੇ ਪੂਰਬੀ ਤੱਟ 'ਤੇ ਲੈਂਡਫਾਲ ਕੀਤਾ। ਸਥਾਨਕ ਸਰਕਾਰਾਂ ਨੇ ਗੁਆਂਗਡੋਂਗ ਅਤੇ ਹੈਨਾਨ ਦੇ ਦੱਖਣੀ ਪ੍ਰਾਂਤਾਂ ਤੋਂ ਲਗਭਗ 347,000 ਲੋਕਾਂ ਨੂੰ ਬਾਹਰ ਕੱਢਿਆ।

# ਇੰਡੀਆਨ ਵਰਕਰਜ਼ ਐਸੋਸੀਏਸ਼ਨ ਵੱਲੋਂ ਟੋਰੀ ਯੋਜਨਾ ਦੀ ਨਿੰਦਾ

# ਪਰਦੇਸੀ ਮਜ਼ਦੂਰਾਂ ਨੂੰ ਫ਼ਾਇਦੇ ਤੋਂ ਵਾਂਝਾ ਰੱਖਣਾ ਅਨਿਆਇਕ ਕਦਮ

**ਸਮਾਜ ਵੀਕਲੀ ਯੂ ਕੇ**

ਇੰਡੀਆਨ ਵਰਕਰਜ਼ ਐਸੋਸੀਏਸ਼ਨ (ਗ੍ਰੇਟ ਬ੍ਰਿਟੇਨ) ਨੇ ਕਨਜ਼ਰਵੇਟਿਵ ਪਾਰਟੀ ਦੇ ਸ਼ੈਡੋ ਚਾਂਸਲਰ ਮੈਲ ਸਟ੍ਰਾਈਡ ਦੇ ਇਸ ਪ੍ਰਸਤਾਵ ਦੀ ਕੜੀ ਨਿੰਦਾ ਕੀਤੀ ਹੈ, ਜਿਸ ਵਿੱਚ ਕਿਹਾ ਗਿਆ ਹੈ ਕਿ ਕੇਵਲ ਬ੍ਰਿਟਿਸ਼ ਨਾਗਰਿਕਾਂ ਨੂੰ ਹੀ ਸਰਕਾਰੀ ਭਲਾਈ ਯੋਜਨਾਵਾਂ (ਬੈਨਿਫਿਟਸ) ਦਾ ਹੱਕ ਹੋਣਾ ਚਾਹੀਦਾ ਹੈ।

ਐਸੋਸੀਏਸ਼ਨ ਨੇ ਇਸ ਪ੍ਰਸਤਾਵ ਨੂੰ ਵੰਡ ਪੈਦਾ ਕਰਨ ਵਾਲਾ, ਗਲਤ ਤੇ ਰਾਜਨੀਤਿਕ ਤੌਰ ’ਤੇ ਪ੍ਰੇਰਿਤ ਕਦਮ ਕਰਾਰ ਦਿੰਦਿਆਂ ਕਿਹਾ ਕਿ ਕਨਜ਼ਰਵੇ-ਟਿਵ ਪਾਰਟੀ ਆਪਣੀਆਂ ਨੀਤੀਆਂ ਦੀਆਂ ਨਾਕਾਮੀਆਂ ਦਾ ਦੋਸ਼ ਪਰਦੇਸੀ ਮਜ਼ਦੂਰਾਂ ਤੇ ਨਿਵਾਸੀਆਂ ’ਤੇ ਮੜ੍ਹ ਰਹੀ ਹੈ।

ਆਈਡਬਲਯੂਏ ਦੇ ਅਨੁਸਾਰ ਹਜ਼ਾਰਾਂ ਗੈਰ-ਨਾਗਰਿਕ ਕਈ ਸਾਲਾਂ ਤੋਂ ਐਨ.ਐੱਚ.ਐੱਸ., ਕੇਅਰ ਸੈਕਟਰ, ਨਿਰਮਾਣ ਤੇ ਟਰਾਂਸਪੋਰਟ ਵਰਗੇ ਖੇਤਰਾਂ ਵਿੱਚ ਕੰਮ ਕਰ ਰਹੇ ਹਨ। ਉਹ ਟੈਕਸ ਭਰਦੇ ਹਨ ਅਤੇ ਬ੍ਰਿਟੇਨ ਦੀ ਅਰਥਵਿਵਸਥਾ ਵਿੱਚ ਯੋਗਦਾਨ ਪਾ ਰਹੇ ਹਨ। ਐਸੋਸੀਏਸ਼ਨ ਨੇ ਕਿਹਾ ਕਿ ਅਜਿਹੇ ਲੋਕਾਂ ਨੂੰ ਜਰੂਰਤ ਦੇ ਸਮੇਂ ਮਦਦ ਤੋਂ ਵਾਂਝਾ ਰੱਖਣਾ ਭੇਦਭਾਵੀ ਅਤੇ ਬੇਇਨਸਾਫ਼ੀ ਹੈ।

ਰਾਜਨੀਤਿਕ ਮਕਸਦ ਪਿੱਛੇ ਕਾਰਨ

ਆਈਡਬਲਯੂਏ ਦਾ ਮੰਨਣਾ ਹੈ ਕਿ ਇਹ ਨੀਤੀ ਜਨ-ਹਿੱਤ ਲਈ ਨਹੀਂ, ਸਿਰਫ਼ ਰਾਜਨੀਤਿਕ ਫ਼ਾਇਦੇ ਲਈ ਲਿਆਂਦੀ ਜਾ ਰਹੀ ਹੈ।

**1. ਨਾਕਾਮੀਆਂ ਤੋਂ ਧਿਆਨ ਹਟਾਉਣ ਦੀ ਕੋਸ਼ਿਸ਼:**

ਬ੍ਰਿਟੇਨ ਇਸ ਵੇਲੇ ਜੀਵਨ ਯਾਪਨ ਸੰਕਟ, ਐਨਐਚਐਸ ਦੀਆਂ ਲੰਬੀਆਂ ਉਡੀਕ ਸੂਚੀਆਂ, ਅਤੇ ਘਰਾਂ ਦੀ ਕਮੀ ਨਾਲ ਜੂਝ ਰਿਹਾ ਹੈ। ਇਨ੍ਹਾਂ ਸਮੱਸਿਆਵਾਂ ਨੂੰ ਹੱਲ ਕਰਨ ਦੀ ਬਜਾਏ ਕਨਜ਼ਰਵੇਟਿਵ ਆਗੂ ਪਰਦੇਸੀ ਲੋਕਾਂ ਨੂੰ ਦੋਸ਼ੀ ਠਹਿਰਾ ਰਹੇ ਹਨ ਤਾਂ ਜੋ ਆਪਣੀਆਂ ਨਾਕਾਮੀਆਂ ਨੂੰ ਓਹਲੇ



Sital Singh Gill, General Secretary of the Indian Workers Association (Great Britain)

ਕੀਤਾ ਜਾ ਸਕੇ।

**2. ਸੱਜੇ ਪੱਖ ਦੇ ਵੋਟਰਾਂ ਨੂੰ ਖੁਸ਼ ਕਰਨ ਲਈ:**

ਰੀਫਾਰਮ ਪਾਰਟੀ ਅਤੇ ਹੋਰ ਦੱਖਣਪੰਥੀ ਸਮੂਹਾਂ ਦੇ ਦਬਾਅ ਹੇਠ, ਕਨਜ਼ਰਵੇਟਿਵ ਨੇਤਾ ਪਰਵਾਸੀ ਵਿਰੋਧੀ ਬਿਆਨਾਂ ਰਾਹੀਂ ਵੋਟਾਂ ਵਾਪਸ ਖਿੱਚਣ ਦੀ ਕੋਸ਼ਿਸ਼ ਕਰ ਰਹੇ ਹਨ।

**3. ਮਜ਼ਦੂਰ ਵਰਗ ਨੂੰ ਵੰਡਣ ਦੀ ਯੋਜਨਾ:**

ਬ੍ਰਿਟਿਸ਼ ਜਨਮੇ ਅਤੇ ਪਰਦੇਸੀ ਦੋਵੇਂ ਹੀ ਘੱਟ ਤਨਖ਼ਾਹ, ਵੱਧਦੇ ਬਿਲ ਅਤੇ ਅਸਥਿਰ ਰੋਜ਼ਗਾਰ ਦੀਆਂ ਸਮੱਸਿਆਵਾਂ ਨਾਲ ਜੂਝ ਰਹੇ ਹਨ। ਇਹ ਨੀਤੀ ਮਜ਼ਦੂਰਾਂ ਨੂੰ ਆਪਸ ਵਿੱਚ ਵੰਡਣ ਦੀ ਕੋਸ਼ਿਸ਼ ਹੈ ਤਾਂ ਜੋ ਲੋਕ ਸਰਕਾਰ ਨੂੰ ਜ਼ਿੰਮੇਵਾਰ ਨਾ ਠਹਿਰਾਉਣ।

**4. ਯੋਗਦਾਨ ਦੀ ਅਣਗਹਿਲੀ:**

ਪਰਦੇਸੀ ਮਜ਼ਦੂਰਾਂ ਨੇ ਅਰਬਾਂ ਪੌਂਡ ਦੇ ਟੈਕਸ ਭਰੇ ਹਨ ਅਤੇ ਜਰੂਰੀ ਸੇਵਾਵਾਂ ਚਲਾਈਆਂ ਹਨ। ਕਈ ਦਹਾਕਿਆਂ ਤੋਂ ਉਹ ਬ੍ਰਿਟੇਨ ਵਿੱਚ ਰਹਿ ਰਹੇ ਹਨ। ਉਨ੍ਹਾਂ ਨੂੰ ਸਰਕਾਰੀ ਮਦਦ ਤੋਂ ਵਾਂਝਾ ਰੱਖਣਾ ਗੈਰ-ਇਨਸਾਨੀ ਤੇ ਭੇਦਭਾਵੀ ਹੈ।

**ਏਕਤਾ ਲਈ ਅਪੀਲ**

“ਇਹ ਪ੍ਰਸਤਾਵ ਇਨਸਾਫ਼ ਬਾਰੇ ਨਹੀਂ, ਡਰ ਬਾਰੇ ਹੈ। ਟੋਰੀ ਪਾਰਟੀ ਲੋਕਾਂ ਦੀ ਜ਼ਿੰਦਗੀ ਨਾਲ ਰਾਜਨੀਤੀ ਖੇਡ ਰਹੀ ਹੈ, ਗੁਆਂਢੀ ਨੂੰ ਗੁਆਂਢੀ ਦੇ ਵਿਰੁੱਧ ਖੜ੍ਹਾ ਕਰ ਰਹੀ ਹੈ,” — ਸੀਤਲ ਸਿੰਘ ਗਿੱਲ, ਜਨਰਲ ਸਕੱਤਰ, ਇੰਡੀਆਨ ਵਰਕਰਜ਼ ਐਸੋਸੀਏਸ਼ਨ (ਗ੍ਰੇਟ ਬ੍ਰਿਟੇਨ) ਨੇ ਕਿਹਾ।

ਆਈਡਬਲਯੂਏ (ਗ੍ਰੇਟ ਬ੍ਰਿਟੇਨ) ਨੇ ਸਾਰੇ ਰਾਜਨੀਤਿਕ ਪਾਰਟੀਆਂ ਨੂੰ ਅਪੀਲ ਕੀਤੀ ਹੈ ਕਿ ਉਹ ਭੇਦਭਾਵ ਦੀ ਰਾਜਨੀਤੀ ਨੂੰ ਰੱਦ ਕਰਨ, ਸਾਰੇ ਨਿਵਾਸੀਆਂ ਦੇ ਬਰਾਬਰ ਅਧਿਕਾਰਾਂ ਦੀ ਰੱਖਿਆ ਕਰਨ, ਅਤੇ ਰੋਜ਼ਗਾਰ, ਘਰ, ਸਿਹਤ ਤੇ ਸਿੱਖਿਆ ਵਰਗੇ ਅਸਲੀ ਮੁੱਦਿਆਂ ’ਤੇ ਧਿਆਨ ਦੇਣ।

ਐਸੋਸੀਏਸ਼ਨ ਨੇ ਬ੍ਰਿਟੇਨ ਦੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਇਕੱਠੇ ਖੜ੍ਹਨ, ਨਫ਼ਰਤ ਦਾ ਵਿਰੋਧ ਕਰਨ, ਅਤੇ ਮਜ਼ਦੂਰ ਵਰਗ ਨੂੰ ਵੰਡਣ ਵਾਲੀਆਂ ਨੀਤੀਆਂ ਦਾ ਡਟ ਕੇ ਮੁਕਾਬਲਾ ਕਰਨ।

# ਮਹਾਂਰਿਸ਼ੀ ਵਾਲਮੀਕਿ ਜੀ

ਭਾਰਤੀ ਇਤਿਹਾਸ ਅਤੇ ਮਿਥਿਹਾਸ ਵਿੱਚ ਦੋ ਮਹਾਂਪੁਰਖ ਹੋਏ ਹਨ। ਦੋਵੇਂ ਸ਼ਖਸ਼ੀਅਤਾਂ ਵਿੱਚ ਯੁਗਾਤਮਿਕ, ਸਮਾਜਿਕ, ਇਸ਼ਟਾਤਮਕ ਅਵਸਥਾਤਮਿਕ ਪੁਰਾਣਿਕ ਅੰਤਰ ਹੈ।

ਰਾਜਾ ਵਰੁਣ ਪ੍ਰਚੇਤਾ ਅਤੇ ਰਾਣੀ ਚਰਸਣੀ ਦੀ ਕੁੱਖ ਤੋਂ ਭ੍ਰਿਗੂ ਮੁਨੀ ਅਤੇ ਰਿਸ਼ੀ ਵਾਲਮੀਕ ਨੇ ਜਨਮ ਲਿਆ। ਰਾਜਾ ਮਿੱਤਰ ਅਤੇ ਰਾਣੀ ਉਰਵਸ਼ੀ ਦੀ ਪਵਿੱਤਰ ਕੁੱਖ ਤੋਂ ਅਗਸਤ ਮੁਨੀ ਅਤੇ ਰਿਖੀ ਵਸ਼ਿਸ਼ਟ ਨੇ ਜਨਮ ਲਿਆ। ਡਾਕਟਰ ਹਰੀ ਪ੍ਰਸਾਦ ਸ਼ਾਸਤਰੀ ਜੀ ਲਿਖਦੇ ਹਨ ਕਿ ਰਾਮਾਇਣ ਦੇ ਅੰਤ ਵਿੱਚ ਰਿਸ਼ੀ ਵਾਲਮੀਕ ਨੇ ਖੁਦ ਲਿਖਿਆ ਹੈ ਕਿ ਮੈਂ ਪ੍ਰਚੇਤਾ ਦਾ ਦਸਵਾਂ ਪੁੱਤਰ ਹਾਂ। ਰਿਸ਼ੀ ਭਗਵਾਨ ਵਾਲਮੀਕ ਸਮੇਤ ਸਾਰੇ ਪਹੁੰਚੇ ਹੋਏ ਬ੍ਰਾਹਮਣ ਸਨ। "ਬਚਿੱਤ੍ਰ ਨਾਟਕੀ ਰਾਮਾਇਣ" ਅਨੁਸਾਰ ਰਾਵਣ ਨੂੰ ਮਾਰਨ ਉਪਰੰਤ ਅਯੋਧਿਆ ਵਾਪਸੀ ਤੇ ਜਦੋਂ ਸ਼੍ਰੀ ਰਾਮ ਨੇ ਰਾਜਭਾਗ ਸੰਭਾਲਿਆ, ਤਾਂ ਖੁਸ਼ਖਬਰੀ ਵਿੱਚ ਵੱਡੇ ਵੱਡੇ ਬ੍ਰਾਹਮਣ ਰਿਸ਼ੀ ਮੁਨੀ ਆਏ। ਇਨਾਂ ਵਿੱਚ ਵਾਲਮੀਕ ਰਿਸ਼ੀ, ਤੇ ਭ੍ਰਿਗੂ ਭਰਾਵਾਂ ਤੋਂ ਇਲਾਵਾ ਮਤਰੇਏ ਭਰਾ "ਅਗਸਤ" ਅਤੇ "ਵਸਿਸ਼ਟ" ਵੀ ਸ਼ਾਮਿਲ ਸਨ। ਵੈਦਿਕ ਦ੍ਰਿਸ਼ਟੀਕੋਣ ਮੁਤਾਬਕ ਸਾਰੇ ਪੁਰਸ਼ਾਂ ਵਿੱਚੋਂ ਬ੍ਰਾਹਮਣ ਸਰਵੋਤਮ ਮੰਨਿਆ ਜਾਂਦਾ ਹੈ ਰੁੱਖਾਂ ਵਿੱਚੋਂ ਪਿੱਪਲ।

ਰਿਸ਼ੀ ਬਾਲਮੀਕ ਜਨਮ ਤੋਂ ਬ੍ਰਾਹਮਣ ਸਨ ਅਤੇ ਭਗਤ ਬਾਲਮੀਕ ਜੰਗਲ ਦੇ ਦ੍ਰਾਵੜੀ ਭੀਲ ਕਬੀਲੇ ਵਿੱਚੋਂ ਸਨ।ਆਰੀਅਨ ਬ੍ਰਾਹਮਣ, ਭੀਲਾਂ ਨੂੰ ਨਫਰਤ ਨਾਲ ਬਟਵਾਰਾ (ਲੁਟੇਰਾ) ਤੇ ਸਪਚਾਰੋ (ਕੁੱਤੇ ਖਾਣਾ) ਵਰਗੇ ਵਿਸ਼ੇਸ਼ਣ ਨਾਲ ਪੁਕਾਰਦੇ ਸਨ। ਵਾਲਮੀਕੀ ਰਾਮਾਇਣ, ਤੁਲਸੀ ਰਾਮਾਇਣ ਭਗਵਤ ਪ੍ਰਾਣ ਦੀ ਬੰਸਾਵਲੀ ਤੇ ਬ੍ਰਹਮਾ ਦੇ ਅਵਤਾਰ ਰਿਸ਼ੀ ਵਾਲਮੀਕ ਜੀ ਉੱਚ ਕੋਟੀ ਦੇ ਬ੍ਰਾਹਮਣ ਅਤੇ ਰਾਮ ਭਗਤ ਹੋਣ ਤੋਂ ਇਲਾਵਾ ਇਕ ਰਾਜ ਕਮਾਰ ਵੀ ਸਨ।ਤੁਲਸੀ ਰਾਮਾਇਣ ਵਿੱਚ ਉਸ ਨੂੰ ਮਹਾਨ ਵਿਪਰ (ਬ੍ਰਾਹਮਣ) ਕਹਿ ਕੇ ਵਡਿਆਇਆ ਗਿਆ ਹੈ ਉਨ੍ਹਾਂ ਨੇ ਕੁਝ ਸਮਾਂ ਤਮਸਾ ਨਦੀ ਕੰਢੇ ਬਿਤਾਇਆ ਪ੍ਰੰਤੂ ਹੜ੍ਹਾਂ ਦੀ ਮਾਰ ਤੋਂ ਬਚਣ ਲਈ ਉਹ ਮੰਦਾਕਿਨੀ ਨਦੀ ਦੇ ਕੰਢੇ ਚਿਤਰਕੂਟ (ਜ਼ਿਲਾ ਬਾਂਦਾ, ਮੱਧ ਪ੍ਰਦੇਸ਼) ਨਾਂ ਦੇ ਪਹਾੜ ਉੱਤੇ ਸਥਾਈ ਆਸ਼ਰਮ ਦੇ ਨੇੜੇ ਕੁਟੀਆ ਬਣਾ ਕੇ ਰਹਿੰਦੇ ਸਨ। ਸ੍ਰੀ ਰਾਮ, ਲਛਮਣ ਤੇ ਸੀਤਾ ਜੀ ਨੇ ਬਨਵਾਸ ਦੇ ਪਹਿਲੇ 8 ਸਾਲ ਇੱਥੇ ਗੁਜ਼ਾਰੇ। ਕਾਰਨ ਇਹ ਸੀ, ਗੁਰੂ ਵਿਸ਼ਿਸ਼ਟ ਜੀ ਦੇ



ਭਰਾ, ਰਿਸ਼ੀ ਵਾਲਮੀਕ ਦੀ ਪਤਨੀ ਅਰੁੰਧਤੀ ਤੇ ਸੀਤਾ ਜੀ ਦੋਵੇਂ ਸਹੇਲੀਆਂ ਸਨ।

ਜਗਤਾਰ ਸਿੰਘ ਜੀ ਜਾਚਕ ਲਿਖਦੇ ਹਨ ਕਿ ਬਾਲਮੀਕੀ ਭਾਈਚਾਰੇ ਨੂੰ ਚਾਹੀਦਾ ਹੈ ਕਿ ਉਹ ਆਪਣੇ ਆਪ ਨੂੰ ਦੁਆਪਰ ਯੁਗ ਦੇ ਮੂਲਵਾਸੀ ਭਗਤ ਬਾਲਮੀਕ ਨਾਲ ਜੋੜਨ ਤੇ ਮਾਣ ਕਰਨ ਜਿਸ ਨੂੰ ਨੀਚ ਦਿਖਾਉਣ ਲਈ ਰਿਸ਼ੀ ਵਾਲਮੀਕ ਵਰਗੇ ਆਰੀਅਨ ਬ੍ਰਾਹਮਣਾਂ ਨੇ ਉਸਨੂੰ ਸ਼ੂਦਰ ਸ਼੍ਰੇਣੀ ਦੇ ਚੰਡਾਲਾਂ ਵਿੱਚ ਗਿਣਿਆ। ਬਟਵਾਰਾ (ਲੁਟੇਰਾ) ਅਤੇ ਸੁਪਚਾਰੋ (ਕੁੱਤੇ ਖਾਣਾ) ਵਰਗੇ ਘ੍ਰਿਣਤ ਵਿਸ਼ੇਸ਼ਣ ਦੇਣ ਲਈ ਕਈ ਮਨਘੜਤ ਕਹਾਣੀਆਂ ਘੜੀਆਂ। ਬਾਲਮੀਕੀ ਭਾਈਚਾਰਾ ਕਈ ਵਾਰ ਗੁਰੂ ਦਰਬਾਰ ਨਾਲ ਟਕਰਾਓ ਦੀ ਸਥਿਤੀ ਵਿੱਚ ਆ ਜਾਂਦਾ ਹੈ, ਜਿੱਥੇ ਗਰੀਬਾਂ ਤੇ ਮਜ਼ਲੂਮਾਂ ਦੇ ਹਮਦਰਦ, ਗੁਰੂ ਨਾਨਕ ਸਾਹਿਬ ਨੇ ਇਲਾਹੀ ਸਲੋਕ ਲਿਖਿਆ ਹੈ, ਜਿਸ ਵਿੱਚ ਸੰਸਾਰ ਨੂੰ ਬ੍ਰਾਹਮਣਾਂ ਦੀਆਂ ਮਿਥੀਆਂ ਨੀਚ ਜਾਤਾਂ ਦਾ ਸਾਥ ਦੇਣ ਤੇ ਉਨ੍ਹਾਂ ਨਾਲ ਖੜਨ ਦੀ ਪ੍ਰੇਰਨਾ ਮਿਲਦੀ ਹੈ।

ਨੀਚਾ ਅੰਦਰਿ ਨੀਚ ਜਾਤਿ ਹੂ ਅਤਿ ਨੀਚੁ 11 ਨਾਨਕ ਤਿਨ ਕੈ ਸੰਗਿ ਸਾਥ ਵਡਿਆ ਸਿਉ ਕਿਆ ਰੀਸ11 ਜਿਥੈ ਨੀਚ ਸਮਾਲੀਅਨ ਤਿਥੈ ਨਦਰ ਤੇਰੀ ਬਖਸੀਸ11

(ਗ੍ਰੰਥ ਸਾਹਿਬ ਪੰਨਾ 15)

ਗੁਰਬਾਣੀ ਵਿੱਚ ਜਿਸ ਬਾਲਮੀਕ ਦਾ ਜ਼ਿਕਰ ਹੈ, ਉਹ ਇੱਕ ਸ਼ੂਦਰ ਸੀ ਜਿਸਨੇ ਆਰੀਆ ਰਾਜ ਤੋਂ ਬਗਾਵਤ ਕੀਤੀ ਹੋਈ ਸੀ। ਆਰੀਆ ਲੋਕਾਂ ਨੂੰ ਰਾਹ ਵਿੱਚ ਘੇਰ ਕੇ ਮਾਰ ਦਿੰਦਾ ਸੀ। ਇੱਕ ਹੋਰ ਭੀਲ ਉਂਗਲੀਮਾਲ ਦਾ ਜ਼ਿਕਰ ਵੀ ਮਿਲਦਾ ਹੈ, ਜਿਸ ਨੇ ਮਹਾਤਮਾ ਬੁੱਧ ਤੋਂ ਗਿਆਨ ਪ੍ਰਾਪਤ ਕੀਤਾ ਸੀ। ਕੌਡਾ ਰਾਖਸ਼ ਵੀ ਗੁਰੂ ਨਾਨਕ ਸਾਹਿਬ ਦਾ ਭਗਤ ਬਣ ਗਿਆ ਉਨ੍ਹਾਂ ਦਾ ਗੁਰਅਸਥਾਨ ਮੱਧ ਪ੍ਰਦੇਸ਼ ਦੇ ਜਬਲਪੁਰ ਦਾ ਹਿੱਸਾ ਬਣ ਚੁੱਕਾ ਹੈ। :ਉਸ ਸਮੇਂ ਕੁਝ ਦ੍ਰਾਵਿੜ ਲੋਕਾਂ ਦੁਆਰਾ, ਬ੍ਰਾਹਮਣਾਂ ਦੀ ਗੁਲਾਮੀ ਕਬੂਲੀ ਹੋਈ ਸੀ, ਤੇ ਸ਼ੂਦਰ ਬਣ ਕੇ ਤਿੰਨ ਵਰਗਾਂ ਬਾਣੀਏ, ਬ੍ਰਾਹਮਣਾਂ ਤੇ ਖੱਤਰੀਆਂ ਦੀ ਸੇਵਾ ਵਿੱਚ ਲੱਗੇ ਹੋਏ ਸਨ। ਜੋ ਕੁਦਰਤ ਦੇ ਬਣਾਏ ਬੰਦਿਆਂ ਨੂੰ, ਨੀਚ ਸਮਝ ਕੇ, ਨਫਰਤ ਕਰਦੇ ਹਨ, ਉਹ ਕਦੇ ਵੀ ਸਤਿਕਾਰ ਦੇ ਪਾਤਰ ਨ੍ਹੀਂ ਹੋ ਸਕਦੇ।



**ਅਮਰਜੀਤ ਸਿੰਘ ਤੂਰ ਪਿੰਡ ਕੁਲਬੁਰਛਾਂਜ਼ਿਲਾ ਪਟਿਆਲਾ**
**ਹਾਲ-ਆਬਾਦ**
**#639/40ਏ ਚੰਡੀਗੜ੍ਹ।**
**ਫੋਨ ਨੰਬਰ:**
**9878469639**



DELIVERY ALL WORLD

Payment in Advance

ਪੇਂਟਿੰਗ ਲਈ ਫੋਟੋ ਵਟਸਐਪ ਨੰਬਰ

+91-97794-70626 ਤੇ ਭੇਜੋ

ਕਲਾ ਵਾਹਿਗੁਰੂ ਦੀ

# ਪੇਂਟਿੰਗ

# Painting

ਆਪਣੇ ਸੁਪਨਿਆਂ, ਬਜ਼ੁਰਗਾਂ, ਮਿੱਤਰ ਪਿਆਰਿਆਂ ਦੀਆਂ ਪੇਂਟਿੰਗ ਬਣਾ ਕੇ ਆਪਣੇ ਘਰਾਂ ਨੂੰ **ਚਾਰ ਚੰਨ** ਲਗਾਓ ਜੀ





ਚਿੱਤਰਕਾਰ

ਰਾਜੇਸ਼ ਨਾਗਰਾ

Samaj Weekly
# ਸਮਾਜ ਵੀਕਲੀ
Punjabi, Hindi & English Newspaper - UK & EU Edition

## ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ

facebook
samajweekly

ਸਾਨੂੰ ਐਕਸ ਤੇ ਫੌਲੋ ਕਰੋ

X @samajweekly

ਸਾਡੇ ਵਟਸਐੱਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ




ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

+44 7878 456484
email:-Samajweekly@gmail.com